# ਹਾਈ ਸਟੈਂਡਰਡ ਨਿਊਜ਼

HIGH STANDARD NEWS

HIGHSTANDARDNEWS

Date 9.07.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | July 2024 | Published in Punjab | Pages 8


## ਦੇਸ਼ ਦੇ 21 ਸੂਬਿਆਂ 'ਚ IMD ਦਾ ਅਲਰਟ, 12 ਜੁਲਾਈ ਤੱਕ ਭਾਰੀ ਮੀਂਹ



ਦੇਸ਼ ਭਰ 'ਚ ਮਾਨਸੂਨ ਆਪਣੇ ਸਿਖਰ 'ਤੇ ਹੈ। ਦੇਸ਼ ਦੇ ਕਈ ਸੂਬਿਆਂ 'ਚ ਮਾਨਸੂਨ ਨੇ ਤਬਾਹੀ ਮਚਾਉਣੀ ਸ਼ੁਰੂ ਕਰ ਦਿੱਤੀ ਹੈ। ਜਿੱਥੇ ਮੁੰਬਈ ਵਿੱਚ ਪਾਣੀ ਭਰਿਆ ਹੋਇਆ ਹੈ, ਉੱਥੇ ਹੀ ਪੂਰਾ ਅਸਾਮ ਹੜ੍ਹਾਂ ਵਿੱਚ ਡੁੱਬਿਆ ਹੋਇਆ ਹੈ। ਹਿਮਾਚਲ ਅਤੇ ਉਤਰਾਖੰਡ 'ਚ ਜ਼ਮੀਨ ਖਿਸਕਣ ਕਾਰਨ ਹਾਲਾਤ ਖ਼ਰਾਬ ਹਨ। ਦੇਸ਼ ਭਰ ਵਿੱਚ ਨਦੀਆਂ ਤੇਜ਼ ਗਤੀ ਨਾਲ ਵਹਿ ਰਹੀਆਂ ਹਨ।

ਅਜਿਹੇ 'ਚ ਕਈ ਸੂਬਿਆਂ 'ਚ ਬੱਚਿਆਂ ਦੇ ਸਕੂਲ ਅਤੇ ਕਾਲਜ ਬੰਦ ਕਰ ਦਿੱਤੇ ਗਏ ਹਨ। ਅੱਜ ਮੌਸਮ ਵਿਭਾਗ ਨੇ ਦਿੱਲੀ-ਐਨਸੀਆਰ ਸਮੇਤ ਦੇਸ਼ ਦੇ ਕਰੀਬ 21 ਰਾਜਾਂ ਵਿੱਚ ਮੀਂਹ ਦੀ ਭਵਿੱਖਬਾਣੀ ਕੀਤੀ ਹੈ। ਮੌਸਮ ਵਿਭਾਗ ਮੁਤਾਬਕ ਅੱਜ 7 ਰਾਜਾਂ ਮਹਾਰਾਸ਼ਟਰ, ਅਸਮ, ਗੋਆ, ਅਰੁਣਾਚਲ ਪ੍ਰਦੇਸ਼, ਮੇਘਾਲਿਆ, ਕਰਨਾਟਕ ਵਿੱਚ ਭਾਰੀ ਮੀਂਹ ਪੈ ਸਕਦਾ ਹੈ। ਹੋਰ ਰਾਜਾਂ ਦਿੱਲੀ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਬਿਹਾਰ, ਪੰਜਾਬ, ਹਰਿਆਣਾ, ਚੰਡੀਗੜ੍ਹ, ਉੱਤਰਾਖੰਡ, ਰਾਜਸਥਾਨ, ਛੱਤੀਸਗੜ੍ਹ, ਕੇਰਲ, ਗੁਜਰਾਤ, ਆਂਧਰਾ ਪ੍ਰਦੇਸ਼, ਨਾਗਾਲੈਂਡ, ਤ੍ਰਿਪੁਰਾ, ਮਿਜ਼ੋਰਮ, ਮਨੀਪੁਰ, ਤੇਲੰਗਾਨਾ ਵਿੱਚ ਭਾਰੀ ਮੀਂਹ ਦੀ ਸੰਭਾਵਨਾ ਹੈ। ਮੌਸਮ ਵਿਭਾਗ ਨੇ 12 ਜੁਲਾਈ ਤੱਕ ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਦੀ ਭਵਿੱਖਬਾਣੀ ਕੀਤੀ ਹੈ।

ਮੌਸਮ ਵਿਭਾਗ ਮੁਤਾਬਕ ਅੱਜ ਦਿੱਲੀ-ਐਨਸੀਆਰ ਵਿੱਚ ਮੌਸਮ ਸੁਹਾਵਣਾ ਰਹੇਗਾ ਅਤੇ ਕੱਲ੍ਹ ਵੀ ਹਲਕੀ ਬਾਰਿਸ਼ ਹੋ ਸਕਦੀ ਹੈ, ਪਰ 11-12 ਜੁਲਾਈ ਨੂੰ ਦਿੱਲੀ-ਐਨਸੀਆਰ ਵਿੱਚ ਭਾਰੀ ਮੀਂਹ ਪੈਣ ਦੀ ਸੰਭਾਵਨਾ ਹੈ।

## ਮਾਹਵਾਰੀ ਦੀ ਛੁੱਟੀ ਬਾਰੇ ਕੇਂਦਰ ਤੇ ਸੂਬਾਈ ਸਰਕਾਰਾਂ ਨੂੰ ਸੁਪਰੀਮ ਕੋਰਟ ਨੇ ਜਾਰੀ ਕੀਤੇ ਇਹ ਨਿਰਦੇਸ਼



ਸੁਪਰੀਮ ਕੋਰਟ ਨੇ ਸੋਮਵਾਰ ਕਿਹਾ ਕਿ ਕੇਂਦਰ ਤੇ ਸਾਰੀਆਂ ਸੂਬਾਈ ਸਰਕਾਰਾਂ ਕੁੜੀਆਂ ਤੇ ਕੰਮਕਾਜੀ ਔਰਤਾਂ ਨੂੰ ਮਾਹਵਾਰੀ ਦੌਰਾਨ ਛੁੱਟੀ ਦੇਣ ਲਈ ਆਦਰਸ਼ ਨੀਤੀ ਬਣਾਉਣ। ਚੀਫ਼ ਜਸਟਿਸ ਡੀ. ਵਾਈ. ਚੰਦਰਚੂੜ, ਜਸਟਿਸ ਜੇ. ਬੀ. ਪਾਰਦੀਵਾਲਾ ਤੇ ਜਸਟਿਸ ਮਨੋਜ ਮਿਸ਼ਰਾ ਦੀ ਬੈਂਚ ਨੇ ਵਕੀਲ ਸ਼ੈਲੇਂਦਰ ਮਨੀ ਤ੍ਰਿਪਾਠੀ ਵਲੋਂ ਦਾਇਰ ਪਟੀਸ਼ਨ ’ਤੇ ਵਿਚਾਰ ਕੀਤਾ ਕਿ ਕੀ ਅਜਿਹੀ ਛੁੱਟੀ ਔਰਤਾਂ ਨੂੰ ਕੰਮ ਕਰਨ ਵਾਲੀ ਥਾਂ ਦਾ ਹਿੱਸਾ ਬਣਨ ਲਈ ਉਤਸ਼ਾਹਿਤ ਕਰਦੀ ਹੈ ਜਾਂ ਕੀ ਇਸ ਤਰ੍ਹਾਂ ਦੀ ਛੁੱਟੀ ਲਾਜ਼ਮੀ ਕਰਨ ਦਾ ਮਤਲਬ ਔਰਤਾਂ ਨੂੰ ਰੁਜ਼ਗਾਰ ਤੋਂ ਦੂਰ ਰੱਖਣਾ ਹੈ?


ਬੈਂਚ ਨੇ ਕਿਹਾ ਕਿ ਇਹ ਅਸਲ ’ਚ ਸਰਕਾਰੀ ਨੀਤੀ ਦਾ ਇਕ ਪੱਖ ਹੈ ਅਤੇ ਅਦਾਲਤਾਂ ਨੂੰ ਇਸ ’ਤੇ ਵਿਚਾਰ ਨਹੀਂ ਕਰਨਾ ਚਾਹੀਦਾ। ਐਡਵੋਕੇਟ ਤ੍ਰਿਪਾਠੀ ਨੇ ਜਨਹਿੱਤ ਪਟੀਸ਼ਨ ਦਾਇਰ ਕਰ ਕੇ ਪੂਰੇ ਦੇਸ਼ ਦੀਆਂ ਵਿਦਿਆਰਥਣਾਂ ਤੇ ਕੰਮਕਾਜੀ ਔਰਤਾਂ ਨੂੰ ਮਾਹਵਾਰੀ ਦੌਰਾਨ ਉਨ੍ਹਾਂ ਦੇ ਕੰਮ ਵਾਲੀ ਥਾਂ ’ਤੇ ਛੁੱਟੀ ਦੇਣ ਲਈ ਅਦਾਲਤ ਨੂੰ ਨਿਰਦੇਸ਼ ਦੇਣ ਦੀ ਮੰਗ ਕੀਤੀ ਸੀ। ਸਿਖਰਲੀ ਅਦਾਲਤ ਨੇ ਕੇਂਦਰ ਤੇ ਸੂਬਿਆਂ ਨੂੰ ਇਹ ਵਿਚਾਰ ਕਰਨ ਲਈ ਕਿਹਾ ਕਿ ਕੀ ਉਹ ਇਸ ਮੁੱਦੇ ’ਤੇ ਕੋਈ ਮਾਡਲ ਨੀਤੀ ਬਣਾ ਸਕਦੇ ਹਨ ਜਾਂ ਨਹੀਂ? ਬੈਂਚ ਨੇ ਆਪਣੇ ਹੁਕਮ ’ਚ ਕਿਹਾ ਕਿ ਅਸੀਂ ਪਟੀਸ਼ਨਕਰਤਾ ਨੂੰ ਮਹਿਲਾ ਤੇ ਬਾਲ ਵਿਕਾਸ ਮੰਤਰਾਲਾ ’ਚ ਸਕੱਤਰ ਤੇ ਵਧੀਕ ਸਾਲਿਸਟਰ ਜਨਰਲ ਐਸ਼ਵਰਿਆ ਭਾਟੀ ਕੋਲ ਮੁੱਦਾ ਲਿਜਾਣ ਦੀ ਇਜਾਜ਼ਤ ਦਿੰਦੇ ਹਾਂ। ਅਦਾਲਤ ਨੇ ਇਹ ਵੀ ਕਿਹਾ ਕਿ ਅਸੀਂ ਸਕੱਤਰ ਨੂੰ ਬੇਨਤੀ ਕਰਦੇ ਹਾਂ ਕਿ ਉਹ ਇਸ ਮਾਮਲੇ ਨੂੰ ਨੀਤੀਗਤ ਪੱਧਰ ’ਤੇ ਵੇਖਣ। ਫਿਰ ਸਾਰੇ ਭਾਈਵਾਲਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਫੈਸਲਾ ਲੈਣ ਤੇ ਇਹ ਵੇਖਣ ਕਿ ਕੀ ਕੋਈ ਆਦਰਸ਼ ਨੀਤੀ ਬਣਾਈ ਜਾ ਸਕਦੀ ਹੈ?

## ਕਠੂਆ 'ਚ ਫ਼ੌਜ ਦੀ ਗੱਡੀ ’ਤੇ ਅੱਤਵਾਦੀ ਹਮਲਾ, 5 ਜਵਾਨ ਸ਼ਹੀਦ



ਸਰਹੱਦ ਪਾਰ ਤੋਂ ਘੁਸਪੈਠ ਕਰ ਕੇ ਕਠੂਆ ਜ਼ਿਲ੍ਹੇ ਦੇ ਬਿਲਾਵਰ ਇਲਾਕੇ ’ਚ ਲੁਕੇ ਹੋਏ ਅੱਤਵਾਦੀਆਂ ਨੇ ਸੋਮਵਾਰ ਦੁਪਹਿਰ ਫ਼ੌਜ ਦੀ ਇਕ ਗੱਡੀ 'ਤੇ ਹਮਲਾ ਕਰ ਦਿੱਤਾ, ਜਿਸ ਕਾਰਨ 5 ਜਵਾਨ ਸ਼ਹੀਦ ਹੋ ਗਏ ਅਤੇ 6 ਹੋਰ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਨੇੜੇ ਦੇ ਹਸਪਤਾਲ ’ਚ ਦਾਖਲ ਕਰਵਾਇਆ ਗਿਆ ਹੈ। ਉੱਚੇ ਪਹਾੜਾਂ ’ਤੇ ਬੈਠੇ ਅੱਤਵਾਦੀਆਂ ਦੇ ਹਮਲੇ ਤੋਂ ਬਾਅਦ ਜਵਾਨਾਂ ਨੇ ਤੁਰੰਤ ਮੋਰਚਾ ਸੰਭਾਲ ਲਿਆ ਅਤੇ ਜਵਾਬੀ ਫਾਇਰਿੰਗ ਕੀਤੀ। ਮਿਲੀ ਜਾਣਕਾਰੀ ਮੁਤਾਬਕ, ਬਿਲਾਵਰ ਦੇ ਲੋਹਾਈ-ਮਲਹਾਰ ਇਲਾਕੇ ਦੇ ਬਦਨੌਟਾ ’ਚ ਫ਼ੌਜ ਦੀ 22 ਗੜ੍ਹਵਾਲ ਰੈਜੀਮੈਂਟ ਦੀ ਗੱਡੀ ਆਪਣੀ ਮੰਜ਼ਿਲ ਵੱਲ ਜਾ ਰਹੀ ਸੀ। ਜਦੋਂ ਇਹ ਦੁਪਹਿਰ ਕਰੀਬ 3.30 ਵਜੇ ਬਲੋਟ ਡਰੇਨ ਨੇੜੇ ਪਹੁੰਚੀ ਤਾਂ ਪਹਾੜਾਂ 'ਤੇ ਪਹਿਲਾਂ ਤੋਂ ਲੁਕੇ ਹੋਏ ਅੱਤਵਾਦੀਆਂ ਨੇ ਫਾਇਰਿੰਗ ਸ਼ੁਰੂ ਕਰ ਦਿੱਤੀ। ਫ਼ੌਜੀ ਗੱਡੀ ’ਚ ਸਵਾਰ ਜਵਾਨਾਂ ਨੇ ਤੁਰੰਤ ਮੋਰਚਾ ਸੰਭਾਲ ਲਿਆ ਤੇ ਫਾਇਰਿੰਗ ਦਾ ਜਵਾਬ ਦਿੱਤਾ। ਹਮਲੇ ਦੀ ਸੂਚਨਾ ਤੁਰੰਤ ਫ਼ੌਜ, ਜੰਮੂ-ਕਸ਼ਮੀਰ ਪੁਲਸ ਤੇ ਨੀਮ ਸੁਰੱਖਿਆ ਫੋਰਸਾਂ ਨੂੰ ਦਿੱਤੀ ਗਈ। ਦੱਸਿਆ ਜਾਂਦਾ ਹੈ ਕਿ 4-5 ਅੱਤਵਾਦੀਆਂ ਨੂੰ ਸੁਰੱਖਿਆ ਫੋਰਸਾਂ ਨੇ ਘੇਰ ਲਿਆ ਹੈ।3 ਦਿਨ ਪਹਿਲਾਂ ਵੀ ਅੱਤਵਾਦੀਆਂ ਨੇ 2 ਜਵਾਨਾਂ ਨੂੰ ਕੀਤਾ ਸੀ ਸ਼ਹੀਦ ਦੱਸਣਯੋਗ ਹੈ ਕਿ 3 ਦਿਨ ਪਹਿਲਾਂ ਵੀ ਕੁਲਗਾਮ ’ਚ 2 ਥਾਵਾਂ ’ਤੇ ਅੱਤਵਾਦੀਆਂ ਨੇ ਮੁਕਾਬਲੇ ਦੌਰਾਨ 2 ਜਵਾਨਾਂ ਨੂੰ ਸ਼ਹੀਦ ਕਰ ਦਿੱਤਾ ਸੀ। ਫ਼ੌਜ ਦੇ ਜਵਾਨਾਂ ਨੇ ਇਸ ਮੁਕਾਬਲੇ ’ਚ 6 ਅੱਤਵਾਦੀਆਂ ਨੂੰ ਮਾਰ ਦਿੱਤਾ ਸੀ। 8 ਜੁਲਾਈ 2016 ਨੂੰ ਫ਼ੌਜ ਨੇ ਬੁਰਹਾਨ ਵਾਨੀ ਨੂੰ ਕੀਤਾ ਸੀ ਢੇਰ ਅੱਤਵਾਦੀਆਂ ਨੇ ਸੋਮਵਾਰ 8 ਜੁਲਾਈ ਨੂੰ ਇਕ ਫ਼ੌਜੀ ਗੱਡੀ ’ਤੇ ਹਮਲਾ ਕੀਤਾ ਹੈ। ਇਸੇ ਦਿਨ 2016 ’ਚ ਸੁਰੱਖਿਆ ਫੋਰਸਾਂ ਨੇ ਕਸ਼ਮੀਰ ’ਚ ਕੱਟੜ ਅੱਤਵਾਦੀ ਬੁਰਹਾਨ ਵਾਨੀ ਨੂੰ ਮਾਰ ਦਿੱਤਾ ਸੀ। 4 ਮਈ 2024 ਨੂੰ ਪੁੰਛ ਜ਼ਿਲ੍ਹੇ ਦੇ ਸੂਰਨਕੋਟ ’ਚ ਅੱਤਵਾਦੀਆਂ ਨੇ ਹਵਾਈ ਫ਼ੌਜ ਦੇ ਵਾਹਨ ’ਤੇ ਹਮਲਾ ਕੀਤਾ ਸੀ, ਜਿਸ ’ਚ ਹਵਾਈ ਫ਼ੌਜ ਦਾ ਇਕ ਜਵਾਨ ਸ਼ਹੀਦ ਹੋ ਗਿਆ ਸੀ। ਇਕ ਵਾਰ ਫਿਰ ਅੱਤਵਾਦੀਆਂ ਨੇ ਉਸੇ ਤਰ੍ਹਾਂ ਦੀ ਅੱਤਵਾਦੀ ਘਟਨਾ ਨੂੰ ਹੁਣ ਅੰਜਾਮ ਦਿੱਤਾ ਹੈ। ਮਈ ਅਤੇ ਜੂਨ ’ਚ ਹੀਰਾਨਗਰ ਅਤੇ ਡੋਡਾ ’ਚ ਮਾਰੇ ਗਏ ਅੱਤਵਾਦੀਆਂ ਕੋਲੋਂ ਬਰਾਮਦ ਕੀਤੇ ਗਏ ਹਥਿਆਰਾਂ ’ਚ ਅਮਰੀਕੀ ਐੱਮ-4 ਰਾਈਫਲਾਂ ਵੀ ਸਨ, ਜਿਨ੍ਹਾਂ ’ਤੇ ਟੈਲੀਸਕੋਪ ਫਿੱਟ ਕੀਤੀ ਗਈ ਸੀ। ਇਸ ਨਾਲ ਕਿਸੇ ਨੂੰ ਵੀ ਸਿੱਧਾ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਸ਼ੱਕ ਪ੍ਰਗਟਾਇਆ ਜਾ ਰਿਹਾ ਹੈ ਕਿ ਜਿਸ ਤਰ੍ਹਾਂ ਫ਼ੌਜੀ ਗੱਡੀ ’ਤੇ ਹਮਲਾ ਕੀਤਾ ਗਿਆ, ਉਸ ’ਚ ਇਸੇ ਤਰ੍ਹਾਂ ਦੇ ਹਥਿਆਰਾਂ ਦੀ ਵਰਤੋਂ ਕੀਤੀ ਗਈ ਹੋਵੇਗੀ।

## ਕੇਰਲ ’ਚ ਫੈਲ ਰਿਹਾ ਅਫਰੀਕੀ ਸਵਾਈਨ ਫਲੂ ਫੀਵਰ, 310 ਸੂਰਾਂ ਨੂੰ ਮਾਰਿਆ



ਕੇਂਦਰ ਨੇ ਐਤਵਾਰ ਨੂੰ ਕਿਹਾ ਕਿ ਅਫਰੀਕੀ ਸਵਾਈਨ ਫੀਵਰ (ਏ. ਐੱਸ. ਐੱਫ.) ਦੇ ਕਹਿਰ ਤੋਂ ਬਾਅਦ ਕੇਰਲ ਦੇ ਤ੍ਰਿਸ਼ੂਰ ਜ਼ਿਲੇ ’ਚ ਲੱਗਭਗ 310 ਸੂਰਾਂ ਨੂੰ ਮਾਰ ਦਿੱਤਾ ਗਿਆ ਹੈ। ਇਸ ਕਹਿਰ ਦਾ ਪਤਾ ਮਦੱਕਥਰਨ ਪੰਚਾਇਤ ’ਚ ਲੱਗਾ ਜਿਸ ਤੋਂ ਬਾਅਦ ਸੂਬੇ ਦੇ ਪਸ਼ੂ ਪਾਲਣ ਵਿਭਾਗ ਨੇ ਤੁਰੰਤ ਕਾਰਵਾਈ ਕੀਤੀ। ਕੇਂਦਰੀ ਮੱਛੀ ਪਾਲਣ, ਪਸ਼ੂ ਪਾਲਣ ਅਤੇ ਡੇਅਰੀ ਮੰਤਰਾਲਾ ਨੇ ਇਕ ਬਿਆਨ ’ਚ ਕਿਹਾ ਕਿ 5 ਜੁਲਾਈ ਨੂੰ ਇਸ ਖੇਤਰ ਦੇ ਇਕ ਕਿਲੋਮੀਟਰ ਦੇ ਘੇਰੇ ’ਚ ਸੂਰਾਂ ਨੂੰ ਮਾਰਨ ਲਈ ਕੁਇੱਕ ਰਿਐਕਸ਼ਨ ਟੀਮਾਂ ਨੂੰ ਤਾਇਨਾਤ ਕੀਤਾ ਗਿਆ ਸੀ।

ਇਹ ਦੇਸ਼ ’ਚ ਏ. ਐੱਸ. ਐੱਫ. ਨਾਲ ਨਜਿੱਠਣ ਦੇ ਸਬੰਧ ’ਚ ਤਾਜ਼ਾ ਘਟਨਾ ਹੈ, ਜੋ ਪਹਿਲੀ ਵਾਰ ਮਈ 2020 ’ਚ ਪੂਰਬ-ਉੱਤਰੀ ਸੂਬਿਆਂ ਆਸਾਮ ਅਤੇ ਅਰੁਣਾਚਲ ਪ੍ਰਦੇਸ਼ ’ਚ ਸਾਹਮਣੇ ਆਈ ਸੀ। ਉਦੋਂ ਤੋਂ, ਇਹ ਬਿਮਾਰੀ ਦੇਸ਼ ਦੇ ਲੱਗਭਗ 24 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ’ਚ ਫੈਲ ਗਈ ਹੈ। ਮੰਤਰਾਲਾ ਨੇ ਕਿਹਾ,‘‘ਕਾਰਜ ਯੋਜਨਾ ਅਨੁਸਾਰ ਪ੍ਰਭਾਵਿਤ ਖੇਤਰ ਦੇ 10 ਕਿਲੋਮੀਟਰ ਦੇ ਘੇਰੇ ’ਚ ਅੱਗੇ ਦੀ ਨਿਗਰਾਨੀ ਕੀਤੀ ਜਾਣੀ ਹੈ।’’ ਮੰਤਰਾਲਾ ਨੇ ਸਪੱਸ਼ਟ ਕੀਤਾ ਕਿ ਏ.ਐੱਸ.ਐੱਫ. ਮਨੁੱਖਾਂ ’ਚ ਨਹੀਂ ਫੈਲ ਸਕਦਾ। ਘੇਰੇ ’ਚ ਸੂਰਾਂ ਨੂੰ ਮਾਰਨ ਲਈ ਕੁਇੱਕ ਰਿਐਕਸ਼ਨ ਟੀਮਾਂ ਨੂੰ ਤਾਇਨਾਤ ਕੀਤਾ ਗਿਆ ਸੀ। ਇਹ ਦੇਸ਼ ’ਚ ਏ. ਐੱਸ. ਐੱਫ. ਨਾਲ ਨਜਿੱਠਣ ਦੇ ਸਬੰਧ ’ਚ ਤਾਜ਼ਾ ਘਟਨਾ ਹੈ, ਜੋ ਪਹਿਲੀ ਵਾਰ ਮਈ 2020 ’ਚ ਪੂਰਬ-ਉੱਤਰੀ ਸੂਬਿਆਂ ਆਸਾਮ ਅਤੇ ਅਰੁਣਾਚਲ ਪ੍ਰਦੇਸ਼ ’ਚ ਸਾਹਮਣੇ ਆਈ ਸੀ। ਉਦੋਂ ਤੋਂ, ਇਹ ਬਿਮਾਰੀ ਦੇਸ਼ ਦੇ ਲੱਗਭਗ 24 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ’ਚ ਫੈਲ ਗਈ ਹੈ। ਮੰਤਰਾਲਾ ਨੇ ਕਿਹਾ,‘‘ਕਾਰਜ ਯੋਜਨਾ ਅਨੁਸਾਰ ਪ੍ਰਭਾਵਿਤ ਖੇਤਰ ਦੇ 10 ਕਿਲੋਮੀਟਰ ਦੇ ਘੇਰੇ ’ਚ ਅੱਗੇ ਦੀ ਨਿਗਰਾਨੀ ਕੀਤੀ ਜਾਣੀ ਹੈ।’’ ਮੰਤਰਾਲਾ ਨੇ ਸਪੱਸ਼ਟ ਕੀਤਾ ਕਿ ਏ.ਐੱਸ.ਐੱਫ. ਮਨੁੱਖਾਂ ’ਚ ਨਹੀਂ ਫੈਲ ਸਕਦਾ।

## PM ਮੋਦੀ ਦੇ ਦੌਰੇ ਦੌਰਾਨ ਪੁਤਿਨ ਦਾ ਵੱਡਾ ਫ਼ੈਸਲਾ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਸਮੇਂ ਰੂਸ ਦੌਰੇ 'ਤੇ ਹਨ। ਇਸ ਦੌਰਾਨ ਉਨ੍ਹਾਂ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਮੁਲਾਕਾਤ ਕੀਤੀ। ਖ਼ਬਰ ਹੈ ਕਿ ਜਿਵੇਂ ਹੀ ਪ੍ਰਧਾਨ ਮੰਤਰੀ ਮੋਦੀ ਨੇ ਪੁਤਿਨ ਸਾਹਮਣੇ ਰੂਸੀ ਫੌਜ ਵਿਚ ਭਾਰਤੀਆਂ ਦੇ ਫਸੇ ਹੋਣ ਦਾ ਮੁੱਦਾ ਚੁੱਕਿਆ ਤਾਂ ਪੁਤਿਨ ਨੇ ਤੁਰੰਤ ਫੌਜ ਵਿਚ ਕੰਮ ਕਰ ਰਹੇ ਸਾਰੇ ਭਾਰਤੀਆਂ ਨੂੰ ਵਾਪਸ ਭੇਜਣ ਦਾ ਫ਼ੈਸਲਾ ਲੈ ਲਿਆ, ਜਿਸ ਮਗਰੋਂ ਯੂਕ੍ਰੇਨ ਯੁੱਧ ਲਈ ਰੂਸੀ ਫੌਜ 'ਚ ਸ਼ਾਮਲ ਭਾਰਤੀ ਹੁਣ ਸੁਰੱਖਿਅਤ ਵਾਪਸ ਪਰਤਣਗੇ।

ਖ਼ਬਰਾਂ ਮੁਤਾਬਕ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਗਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਮਾਸਕੋ ਪਹੁੰਚ ਕੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਕੋਲ ਇਹ ਮੁੱਦਾ ਉਠਾਇਆ ਸੀ। ਇਸ ਤੋਂ ਬਾਅਦ ਭਾਰਤੀ ਸੈਨਿਕਾਂ ਦੀ ਵਾਪਸੀ ਨੂੰ ਲੈ ਕੇ ਸਮਝੌਤਾ ਹੋ ਗਿਆ ਹੈ। ਵਿਦੇਸ਼ ਮੰਤਰਾਲੇ ਅਨੁਸਾਰ ਇਸ ਸਮੇਂ 30 ਤੋਂ 40 ਭਾਰਤੀ ਰੂਸੀ ਫੌਜ ਵਿੱਚ ਸੇਵਾਵਾਂ ਦੇ ਰਹੇ ਹਨ। ਇਸ ਤੋਂ ਪਹਿਲਾਂ ਕਈ ਰਿਪੋਰਟਾਂ 'ਚ ਕਿਹਾ ਗਿਆ ਸੀ ਕਿ ਉਹ ਭਾਰਤੀ ਵਤਨ ਪਰਤਣਾ ਚਾਹੁੰਦੇ ਹਨ ਪਰ ਉਨ੍ਹਾਂ ਲਈ ਰੂਸੀ ਫੌਜ ਛੱਡ ਕੇ ਘਰ ਪਰਤਣਾ ਸੰਭਵ ਨਹੀਂ ਹੈ। ਭਾਰਤ ਸਰਕਾਰ ਨੇ ਰੂਸੀ ਫੌਜ ਵਿੱਚ ਭਰਤੀ ਇਨ੍ਹਾਂ ਭਾਰਤੀਆਂ ਦੀ ਵਾਪਸੀ ਲਈ ਕਈ ਕੂਟਨੀਤਕ ਯਤਨ ਕੀਤੇ ਪਰ ਰੂਸ ਵੱਲੋਂ ਕੋਈ ਭਰੋਸਾ ਨਹੀਂ ਦਿੱਤਾ ਗਿਆ। ਅਜਿਹੇ 'ਚ ਪੀ.ਐੱਮ ਮੋਦੀ ਦੇ ਰੂਸ ਦੌਰੇ ਦੌਰਾਨ ਰੂਸੀ ਫੌਜ 'ਚ ਭਰਤੀ ਇਨ੍ਹਾਂ ਭਾਰਤੀਆਂ ਦੀ ਸੁਰੱਖਿਅਤ ਵਾਪਸੀ ਵੱਡੀ ਤਰਜੀਹ ਸੀ। ਤੁਹਾਨੂੰ ਦੱਸ ਦੇਈਏ ਕਿ ਰੂਸ ਅਤੇ ਯੂਕ੍ਰੇਨ ਵਿਚਾਲੇ ਹੋਈ ਜੰਗ ਵਿੱਚ ਦੋ ਭਾਰਤੀ ਮਾਰੇ ਗਏ ਸਨ। ਇਸ ਤੋਂ ਬਾਅਦ ਭਾਰਤ ਨੇ ਰੂਸ ਤੋਂ ਉਥੇ ਫੌਜ 'ਚ ਭਰਤੀ ਭਾਰਤੀਆਂ ਨੂੰ ਵਾਪਸ ਭੇਜਣ ਦੀ ਮੰਗ ਕੀਤੀ ਸੀ।

**ਪੁਤਿਨ ਨੇ ਮੋਦੀ ਨੂੰ ਕਿਹਾ ਸੀ ਆਪਣਾ ਸਭ ਤੋਂ ਚੰਗਾ ਦੋਸਤ**

ਦੋ ਦਿਨਾਂ ਦੌਰੇ 'ਤੇ ਮਾਸਕੋ ਪਹੁੰਚੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਆਪਣਾ 'ਸਭ ਤੋਂ ਚੰਗਾ ਮਿੱਤਰ' ਦੱਸਿਆ ਹੈ। ਪੀ.ਐਮ ਮੋਦੀ ਦਾ ਸਵਾਗਤ ਕਰਦੇ ਹੋਏ ਪੁਤਿਨ ਨੇ ਕਿਹਾ ਸੀ ਕਿ ਸਤਿਕਾਰਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਸਭ ਤੋਂ ਚੰਗੇ ਦੋਸਤ, ਤੁਹਾਡਾ ਦਿਲੋਂ ਸਵਾਗਤ ਹੈ। ਮੈਂ ਤੁਹਾਨੂੰ ਦੇਖ ਕੇ ਬਹੁਤ ਖੁਸ਼ ਹਾਂ। ਰਸਮੀ ਗੱਲਬਾਤ ਕੱਲ੍ਹ (ਸਾਡੇ ਵਿਚਕਾਰ) ਹੋਣ ਜਾ ਰਹੀ ਹੈ। ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਸੱਦਾ ਭੇਜਿਆ ਸੀ, ਜਿੱਥੇ ਦੋਵੇਂ ਨੇਤਾ ਮੰਗਲਵਾਰ ਨੂੰ ਭਾਰਤ ਅਤੇ ਰੂਸ ਵਿਚਾਲੇ 22ਵੇਂ ਸਾਲਾਨਾ ਸਿਖਰ ਸੰਮੇਲਨ ਦੌਰਾਨ ਮਿਲਣਗੇ। ਇਸ ਦੁਵੱਲੀ ਗੱਲਬਾਤ 'ਚ ਕਈ ਅਹਿਮ ਮੁੱਦਿਆਂ 'ਤੇ ਚਰਚਾ ਹੋਣੀ ਹੈ। ਇਸ ਤੋਂ ਪਹਿਲਾਂ ਅੱਜ ਜਦੋਂ ਦੋਵੇਂ ਨੇਤਾ ਮਿਲੇ ਤਾਂ ਉਨ੍ਹਾਂ ਦੀ ਗੂੜ੍ਹੀ ਦੋਸਤੀ ਸਾਫ਼ ਨਜ਼ਰ ਆ ਰਹੀ ਸੀ।

## ਜਲੰਧਰ ਵੈਸਟ ਹਲਕੇ 'ਚ ਕੱਲ੍ਹ ਪੈਣਗੀਆਂ ਵੋਟਾਂ, 1,71,963 ਵੋਟਰ ਆਪਣੇ ਵੋਟ ਦੇ ਅਧਿਕਾਰ ਦੀ ਕਰ ਸਕਣਗੇ ਵਰਤੋਂ



ਵੈਸਟ ਵਿਧਾਨ ਸਭਾ ਹਲਕੇ ਦੀ 10 ਜੁਲਾਈ ਨੂੰ ਹੋਣ ਜਾ ਰਹੀ ਜ਼ਿਮਨੀ ਚੋਣ ਨੂੰ ਲੈ ਕੇ ਸਿਵਲ ਅਤੇ ਪੁਲਸ ਪ੍ਰਸ਼ਾਸਨ ਨੇ ਸਾਰੇ ਜ਼ਰੂਰੀ ਪ੍ਰਬੰਧ ਮੁਕੰਮਲ ਕਰ ਲਏ ਹਨ ਅਤੇ ਪੂਰੀ ਚੋਣ ਪ੍ਰਕਿਰਿਆ ਆਜ਼ਾਦ, ਨਿਰਪੱਖ ਅਤੇ ਸ਼ਾਂਤੀਪੂਰਨ ਢੰਗ ਨਾਲ ਮੁਕੰਮਲ ਕੀਤੀ ਜਾਵੇਗੀ। ਰਿਟਰਨਿੰਗ ਅਧਿਕਾਰੀ ਨੇ ਦੱਸਿਆ ਿਕ ਚੋਣ ਹਲਕੇ ਦੇ ਕੁੱਲ 171963 ਵੋਟਰਾਂ ਵਿਚ 89629 ਮਰਦ, 82326 ਔਰਤ ਅਤੇ 8 ਥਰਡ ਜੈਂਡਰ ਵੋਟਰ ਸ਼ਾਮਲ ਹਨ। ਵੋਟਰਾਂ ਦੀ ਸਹੂਲਤ ਲਈ ਚੋਣ ਹਲਕੇ ਵਿਚ 181 ਪੋਲਿੰਗ ਕੇਂਦਰ ਬਣਾਏ ਗਏ ਹਨ। ਸਾਰੇ ਪੋਲਿੰਗ ਕੇਂਦਰਾਂ ’ਤੇ ਜ਼ਰੂਰੀ ਪੋਲਿੰਗ ਕਰਮਚਾਰੀਆਂ ਦੀ ਤਾਇਨਾਤੀ ਕੀਤੀ ਗਈ ਹੈ, ਜਿਨ੍ਹਾਂ ਨੂੰ ਵਿਸਤ੍ਰਿਤ ਸਿਖਲਾਈ ਦਿੱਤੀ ਗਈ ਹੈ। ਵਿਧਾਨ ਸਭਾ ਹਲਕੇ ਵਿਚ 874 ਪੀ. ਡੀ. ਐੱਲ. ਬੀ. ਯੂ. ਡੀ. ਵੋਟਰ ਹਨ, ਜਿਨ੍ਹਾਂ ਲਈ ਪੋਲਿੰਗ ਕੇਂਦਰਾਂ ’ਤੇ ਵ੍ਹੀਲਚੇਅਰ, ਰੈਂਪ ਸਮੇਤ ਲਿਆਉਣ ਅਤੇ ਲਿਜਾਣ ਦਾ ਜ਼ਰੂਰੀ ਪ੍ਰਬੰਧ ਕੀਤਾ ਗਿਆ ਹੈ । ਇਸ ਤੋਂ ਇਲਾਵਾ 85 ਅਤੇ ਇਸ ਤੋਂ ਵੱਧ ਉਮਰ ਦੇ 746, 18-19 ਸਾਲ ਦੇ 5010 ਅਤੇ 72 ਸਰਵਿਸ ਵੋਟਰ ਹਨ।ਉਨ੍ਹਾਂ ਕਿਹਾ ਕਿ ਜ਼ਿਮਨੀ ਚੋਣ ਦੌਰਾਨ 10 ਮਾਡਲ ਪੋਲਿੰਗ ਕੇਂਦਰ ਤਿਆਰ ਕੀਤੇ ਗਏ ਹਨ, ਜਿਥੇ ਵੋਟਰਾਂ ਦੀ ਸਹੂਲਤ ਲਈ ਸਾਰੇ ਪ੍ਰਬੰਧ ਕੀਤੇ ਗਏ ਹਨ। ਇਸ ਤੋਂ ਇਲਾਵਾ ਇਕ ਪੋਲਿੰਗ ਕੇਂਦਰ ਦਾ ਸੰਚਾਲਨ ਮਹਿਲਾ ਕਰਮਚਾਰੀ ਕਰੇਗੀ। ਲਾਇਲਪੁਰ ਖਾਲਸਾ ਕਾਲਜ ਵਿਚ ਡਿਸਪੈਚ ਸੈਂਟਰ ਬਣਾਇਆ ਗਿਆ ਹੈ, ਜਿੱਥੋਂ 9 ਜੁਲਾਈ ਨੂੰ ਸਾਰੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਪੋਲਿੰਗ ਪਾਰਟੀਆਂ ਨੂੰ ਰਵਾਨਾ ਕੀਤਾ ਜਾਵੇਗਾ।

ਡੀ. ਸੀ. ਪੀ. ਆਦਿੱਤਿਆ ਨੇ ਕਿਹਾ ਕਿ ਚੋਣ ਦੌਰਾਨ ਸ਼ਰਾਬ, ਨਕਦੀ ਆਦਿ ਦੀ ਦੁਰਵਰਤੋਂ ਰੋਕਣ ਲਈ ਪੁਲਸ ਪੂਰੀ ਤਾਕਤ ਲਾ ਰਹੀ ਹੈ। ਨਾਲ ਹੀ ਵਿਸ਼ੇਸ਼ ਚੌਕੀਆਂ ਵੀ ਲਾਈਆਂ ਜਾ ਰਹੀਆਂ ਹਨ। ਕਿਸੇ ਨੂੰ ਵੀ ਕਾਨੂੰਨ ਵਿਵਸਥਾ ਆਪਣੇ ਹੱਥ ਵਿਚ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਕਾਨੂੰਨ ਦਾ ਉਲੰਘਣ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਹਜ਼ਾਰਾਂ ਕਿਸਾਨਾਂ ਨੇ ਕੇਂਦਰ ਸਰਕਾਰ ਖਿਲਾਫ਼ ਰੋਸ ਪ੍ਰਦਰਸ਼ਨ ਕਰਦਿਆਂ ਸੰਸਦ ਮੈਂਬਰਾਂ ਨੂੰ ਸੌਂਪੇ ਮੰਗ-ਪੱਤਰ



ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਹਜ਼ਾਰਾਂ ਕਿਸਾਨਾਂ ਨੇ ਕੇਂਦਰ ਸਰਕਾਰ ਖਿਲਾਫ ਰੋਸ-ਵਿਖਾਵਾ ਕਰਦਿਆਂ ਦੇਸ਼ ਭਰ ’ਚ ਸੰਸਦ ਮੈਂਬਰਾਂ ਨੂੰ ਮੰਗ-ਪੱਤਰ ਸੌਂਪੇ। ਕਿਸਾਨ ਨੇਤਾਵਾਂ ਨੇ ਕਿਹਾ ਕਿ 13 ਫਰਵਰੀ ਤੋਂ ਦਿੱਲੀ ਕੂਚ ਲਈ ਦੇਸ਼ ਦੀਆਂ 200 ਦੇ ਕਰੀਬ ਜਥੇਬੰਦੀਆਂ ਵੱਲੋਂ ਸ਼ੁਰੂ ਕੀਤਾ ਗਿਆ ਸੰਘਰਸ਼ ਸਰਕਾਰ ਵੱਲੋਂ ਰਸਤੇ ’ਚ ਰੋਕੇ ਜਾਣ ਤੋਂ ਬਾਅਦ 146ਵੇਂ ਦਿਨ ’ਚ ਵੱਖ-ਵੱਖ ਥਾਵਾਂ ’ਤੇ ਜਾਰੀ ਹੈ। ਅੰਦੋਲਨ ਦੀ ਅਗਵਾਈ ਕਰ ਰਹੇ ਦੋਵਾਂ ਫੋਰਮਾਂ ਵੱਲੋਂ ਤੈਅ ਕੀਤੇ ਪ੍ਰੋਗਰਾਮ ਤਹਿਤ ਦੇਸ਼ ਦੇ 12 ਸੂਬਿਆਂ ’ਚ ਗੈਰ-ਭਾਜਪਾਈ ਸੰਸਦ ਮੈਂਬਰਾਂ ਨੂੰ ਕਿਸਾਨ-ਮਜ਼ਦੂਰ ਸੰਘਰਸ਼ ਦੀਆਂ ਮੰਗਾਂ ਸਬੰਧੀ ਮੰਗ-ਪੱਤਰ ਦਿੱਤੇ ਗਏ।ਇਸ ਦੌਰਾਨ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਅਤੇ ਜਗਜੀਤ ਸਿੰਘ ਡੱਲੇਵਾਲ ਨੇ ਦੱਸਿਆ ਕਿ ਪੰਜਾਬ ਦੇ 13, ਚੰਡੀਗੜ੍ਹ ਦੇ 1, ਹਰਿਆਣਾ ਦੇ 5, ਰਾਜਸਥਾਨ ਦੇ 11, ਉੱਤਰ ਪ੍ਰਦੇਸ਼ ਦੇ 20, ਮੱਧ ਪ੍ਰਦੇਸ਼ ਦੇ 1 (ਰਾਜ ਸਭਾ ਮੈਂਬਰ), ਬਿਹਾਰ ਦੇ 6, ਕਰਨਾਟਕ ਦੇ 12, ਤੇਲੰਗਾਨਾ ਦੇ 10, ਮਹਾਰਾਸ਼ਟਰ ਦੇ 5, ਕੇਰਲ ਦੇ 19 ਅਤੇ ਤਾਮਿਲਨਾਡੂ ਦੇ 29 ਸੰਸਦ ਮੈਂਬਰਾਂ ਨੂੰ ਕਿਸਾਨ-ਮਜ਼ਦੂਰ ਸੰਘਰਸ਼ ਦੀਆਂ ਮੰਗਾਂ ਸਬੰਧੀ ਮੰਗ-ਪੱਤਰ ਸੌਂਪੇ ਗਏ ਹਨ। ਉਨ੍ਹਾਂ ਕਿਹਾ ਕਿ ਜੇਕਰ ਵਿਰੋਧੀ ਧਿਰ ਅੰਦੋਲਨ ਦੀ ਆਵਾਜ਼ ਜ਼ੋਰ ਨਾਲ ਨਹੀਂ ਉਠਾਉਂਦੀ ਤਾਂ ਇਨ੍ਹਾਂ ਸੰਸਦ ਮੈਂਬਰਾਂ ਖਿਲਾਫ ਵੀ ਆਉਂਦੇ ਦਿਨਾਂ ’ਚ ਸਖ਼ਤ ਰੁਖ਼ ਅਖ਼ਤਿਆਰ ਕੀਤਾ ਜਾਵੇਗਾ। ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਤੋਂ ਸੁਖਵਿੰਦਰ ਸਿੰਘ ਸਭਰਾ, ਕਾਕਾ ਸਿੰਘ ਕੋਟੜਾ, ਸੁਖਜੀਤ ਸਿੰਘ ਹਰਦੋਝੰਡੇ, ਜਸਵਿੰਦਰ ਸਿੰਘ ਲੌਂਗੋਵਾਲ, ਅਭਿਮੰਨਿਊ ਕੋਹਾੜ, ਮਨਜੀਤ ਸਿੰਘ ਰਾਏ, ਗੁਰਿੰਦਰ ਸਿੰਘ ਭੰਗੂ, ਸੁਰਜੀਤ ਸਿੰਘ ਫੂਲ, ਸੁਖਦੇਵ ਸਿੰਘ ਭੋਜਰਾਜ, ਮਨਜੀਤ ਸਿੰਘ ਘੁਮਾਣਾ, ਮਲਕੀਤ ਸਿੰਘ ਗੁਲਾਮੀਵਾਲਾ, ਅਮਰਜੀਤ ਸਿੰਘ ਮੋਹੜੀ, ਜੰਗ ਸਿੰਘ ਭਟੇਰੀ, ਸੁਖਜਿੰਦਰ ਸਿੰਘ ਖੋਸਾ, ਗੁਰਅਮਨੀਤ ਸਿੰਘ ਮਾਂਗਟ, ਲਖਵਿੰਦਰ ਸਿੰਘ, ਬਲਵੰਤ ਸਿੰਘ ਬਹਿਰਾਮਕੇ, ਬਲਦੇਵ ਸਿੰਘ ਸਿਰਸਾ, ਓਂਕਾਰ ਸਿੰਘ ਭੰਗਾਲਾ, ਰਾਜਵਿੰਦਰ ਸਿੰਘ ਰਾਜੂ, ਨਾਰਾਇਣ ਸਵਾਮੀ, ਗੁਰੂ ਸਵਾਮੀ ਤੋਂ ਇਲਾਵਾ ਹਜ਼ਾਰਾਂ ਕਿਸਾਨ ਮਜ਼ਦੂਰ ਹਾਜ਼ਰ ਸਨ।


## ਟਰੈਕਟਰ ’ਚ ਹੈਰੋਇਨ ਲੁਕੋ ਕੇ ਲਿਜਾ ਰਹੇ 2 ਨਸ਼ਾ ਤਸਕਰ ਗ੍ਰਿਫ਼ਤਾਰ



ਫਿਰੋਜ਼ਪੁਰ ਜ਼ਿਲ੍ਹੇ ਦੇ ਸਰਹੱਦੀ ਖੇਤਰ 'ਚ ਨਸ਼ਾ ਵਿਰੋਧੀ ਮੁਹਿੰਮ ਤਹਿਤ ਬੀ. ਐੱਸ. ਐੱਫ. ਨੇ ਗੁਪਤ ਸੂਚਨਾ ਦੇ ਆਧਾਰ ’ਤੇ ਇਕ ਟਰੈਕਟਰ ’ਚ ਹੈਰੋਇਨ ਲੁਕੋ ਕੇ ਲਿਜਾ ਰਹੇ ਦੋ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਟਰੈਕਟਰ ਦੀ ਤਲਾਸ਼ੀ ਲੈਣ ’ਤੇ ਉਨ੍ਹਾਂ ਕੋਲੋਂ ਅੱਧਾ ਕਿੱਲੋ ਹੈਰੋਇਨ ਦੇ ਦੋ ਪੈਕੇਟ ਅਤੇ ਤਿੰਨ ਮੋਬਾਈਲ ਬਰਾਮਦ ਹੋਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬੀ. ਐੱਸ. ਐੱਫ. ਪੰਜਾਬ ਫਰੰਟੀਅਰ ਦੇ ਪਬਲਿਕ ਰਿਲੇਸ਼ਨ ਅਫ਼ਸਰ ਨੇ ਦੱਸਿਆ ਕਿ ਬੀ. ਐੱਸ. ਐੱਫ. ਦੇ ਖ਼ੁਫ਼ੀਆ ਵਿੰਗ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਫਿਰੋਜ਼ਪੁਰ ਦੇ ਸਰਹੱਦੀ ਪਿੰਡ ਚਾਂਦੀਵਾਲਾ ’ਚ ਨਸ਼ਾ ਸਮੱਗਲਰ ਪਾਕਿਸਤਾਨੀ ਤਸਕਰਾਂ ਤੋਂ ਮੰਗਵਾਈ ਗਈ ਹੈਰੋਇਨ ਦੀ ਖ਼ੇਪ ਲੈ ਕੇ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਰਾਤ ਕਰੀਬ 11.30 ਵਜੇ ਪਿੰਡ ਭਾਨੇਵਾਲਾ ’ਚ ਟਰੈਕਟਰ ’ਤੇ ਵਾਪਸ ਆ ਰਹੇ ਵਿਅਕਤੀਆਂ ਨੂੰ ਰੋਕ ਕੇ ਜਦੋਂ ਉਨ੍ਹਾਂ ਦੀ ਤਲਾਸ਼ੀ ਲਈ ਗਈ ਤਾਂ ਉਨ੍ਹਾਂ ਦੇ ਟਰੈਕਟਰ ’ਚੋਂ 2 ਪੈਕਟ ਹੈਰੋਇਨ ਬਰਾਮਦ ਹੋਈ ਅਤੇ ਫੜ੍ਹੇ ਗਏ ਵਿਅਕਤੀਆਂ ਤੋਂ 3 ਮੋਬਾਇਲ ਬਰਾਮਦ ਹੋਏ। ਪਬਲਿਕ ਰਿਲੇਸ਼ਨ ਅਫ਼ਸਰ ਨੇ ਦੱਸਿਆ ਕਿ ਬੀ. ਐੱਸ. ਐੱਫ. ਵੱਲੋਂ ਇਨ੍ਹਾਂ ਸਮੱਗਲਰਾਂ ਨੂੰ ਅੱਗੇ ਦੀ ਕਾਨੂੰਨੀ ਕਾਰਵਾਈ ਲਈ ਫਿਰੋਜ਼ਪੁਰ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ ਹੈ ਅਤੇ ਪੁਲਸ ਵੱਲੋਂ ਇਨ੍ਹਾਂ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾਬਕ ਬਰਾਮਦ ਕੀਤੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ ’ਚ ਕੀਮਤ ਕਰੀਬ 5 ਕਰੋੜ ਰੁਪਏ ਦੱਸੀ ਜਾ ਰਹੀ ਹੈ।

## ਬੈਂਕ ਮੈਨੇਜਰ ਦੀ ਕਾਲ ਗਰਲ ਨਾਲ ਬਹਿਸ, ਦਲਾਲ ਤੇ ਸਾਥੀਆਂ ਨੇ ਚਲਾ ਦਿੱਤੀਆਂ ਗੋਲ਼ੀਆਂ



ਬੈਂਕ ਮੈਨੇਜਰ ਦੀ ਐਤਵਾਰ ਰਾਤ ਕਾਲ ਗਰਲ ਨਾਲ ਪੈਸਿਆਂ ਨੂੰ ਲੈ ਕੇ ਲੜਾਈ ਹੋ ਗਈ। ਦਲਾਲ ਦੋ ਕਾਰ ਸਵਾਰ ਸਾਥੀਆਂ ਨਾਲ ਸੈਕਟਰ 44 ਪਹੁੰਚਿਆ ਤੇ ਮੈਨੇਜਰ ’ਤੇ ਤਲਵਾਰਾਂ ਨਾਲ ਹਮਲਾ ਕਰ ਦਿੱਤਾ। ਦੋਸਤ ਨੂੰ ਬਚਾਉਣ ਆਏ ਨੌਜਵਾਨਾਂ ਨੇ ਜਦੋਂ ਹਮਲਾਵਰਾਂ ’ਤੇ ਪਥਰਾਅ ਕੀਤਾ ਤਾਂ ਬਾਈਕ ਸਵਾਰ ਨੇ ਹਵਾ ’ਚ ਫਾਇਰਿੰਗ ਕਰ ਦਿੱਤੀ। ਗੋਲੀ ਚੱਲਣ ’ਤੇ ਨੌਜਵਾਨ ਭੱਜ ਗਏ। ਨਾਲ ਹੀ ਹਮਲਾਵਰ ਦੋ ਗੱਡੀਆਂ ਤੇ ਇਕ ਬਾਈਕ ’ਤੇ ਫ਼ਰਾਰ ਹੋ ਗਏ। ਕੁੱਟਮਾਰ ਤੇ ਗੋਲੀਬਾਰੀ ਦੀ ਸੂਚਨਾ ਮਿਲਣ ’ਤੇ ਪੁਲਸ ਵੀ ਮੌਕੇ 'ਤੇ ਪਹੁੰਚੀ। ਪੁਲਸ ਨੇ ਜ਼ਖ਼ਮੀ ਅੰਕੁਸ਼ ਨੂੰ ਜੀ.ਐੱਮ.ਸੀ.ਐੱਚ. 32 ’ਚ ਦਾਖ਼ਲ ਕਰਵਾਇਆ। ਫੋਰੈਂਸਿਕ ਟੀਮ ਨੂੰ ਗੋਲੀਆਂ ਦੇ ਦੋ ਖੋਲ ਬਰਾਮਦ ਹੋਏ। ਇਸ ਤੋਂ ਇਲਾਵਾ ਖ਼ੂਨ ਦੇ ਸੈਂਪਲ ਜ਼ਬਤ ਕੀਤੇ ਗਏ।ਪੁਲਸ ਨੇ ਸੀ.ਸੀ.ਟੀ.ਵੀ. ਕੈਮਰੇ ਚੈੱਕ ਕੀਤੇ, ਜਿਸ ’ਚ ਹਮਲਾਵਰ ਦੋ ਗੱਡੀਆਂ ਅਤੇ ਬਾਈਕ ’ਤੇ ਆਉਂਦੇ ਦਿਖਾਈ ਦਿੱਤੇ। ਸੈਕਟਰ 34 ਥਾਣਾ ਪੁਲਸ ਨੇ ਅੰਕੁਸ਼ ਦੀ ਸ਼ਿਕਾਇਤ ’ਤੇ ਅਣਪਛਾਤੇ ਮੁਲਜ਼ਮਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਪੁਲਸ ਨੂੰ ਸੂਚਨਾ ਮਿਲੀ ਸੀ ਕਿ ਸੈਕਟਰ-44 ’ਚ ਕਾਰ ਸਵਾਰ ਕਰੀਬ 10 ਨੌਜਵਾਨ ਬੈਂਕ ਮੈਨੇਜਰ ’ਤੇ ਹਮਲਾ ਕਰ ਰਹੇ ਹਨ। ਡੀ.ਐੱਸ.ਪੀ. ਜਸਵਿੰਦਰ ਸਿੰਘ, ਥਾਣਾ ਇੰਚਾਰਜ ਲਖਬੀਰ ਸਿੰਘ ਨੇ ਖ਼ੂਨ ਨਾਲ ਲੱਥਪੱਥ ਬੈਂਕ ਮੈਨੇਜਰ ਅੰਕੁਸ਼ ਨੂੰ ਹਸਪਤਾਲ ’ਚ ਦਾਖ਼ਲ ਕਰਵਾਇਆ। ਮੌਕੇ ’ਤੇ ਪੁਲਸ ਨੂੰ ਦੇਸੀ ਕੱਟੇ ਤੋਂ ਚੱਲੀ ਗੋਲੀ ਦੇ ਖੋਲ ਤੇ ਸੜਕ ’ਤੇ ਖ਼ੂਨ ਖਿਲਰਿਆ ਮਿਲਿਆ।

ਜਾਂਚ ’ਚ ਸਾਹਮਣੇ ਆਇਆ ਕਿ ਹਮਲਾ ਬੈਂਕ ਮੈਨੇਜਰ ਅੰਕੁਸ਼ ’ਤੇ ਕੀਤਾ ਗਿਆ ਸੀ। ਸੂਤਰਾਂ ਮੁਤਾਬਕ ਅੰਕੁਸ਼ ਦਾ ਕਾਲ ਗਰਲ ਨਾਲ ਪੈਸਿਆਂ ਨੂੰ ਲੈ ਕੇ ਝਗੜਾ ਹੋਇਆ ਸੀ। ਕਾਲ ਗਰਲ ਨੇ ਦਲਾਲ ਨੂੰ ਫੋਨ ’ਤੇ ਸਾਰੀ ਗੱਲ ਦੱਸੀ। ਇਸ ਤੋਂ ਬਾਅਦ ਦਲਾਲ ਸਾਥੀਆਂ ਨਾਲ ਸੈਕਟਰ-44 ਦੇ ਬੈਂਕ ਮੈਨੇਜਰ ਦੇ ਘਰ ਪਹੁੰਚਿਆ। ਬੈਂਕ ਮੈਨੇਜਰ ਉਸ ਨੂੰ ਬਾਹਰ ਮਿਲਿਆ। ਜਿਵੇਂ ਹੀ ਉਹ ਕਾਰ ’ਚੋਂ ਉਤਰਿਆ ਤਾਂ ਕਰੀਬ 10 ਨੌਜਵਾਨਾਂ ਨੇ ਮੈਨੇਜਰ ’ਤੇ ਤਲਵਾਰਾਂ ਨਾਲ ਹਮਲਾ ਕਰ ਦਿੱਤਾ। ਜਦੋਂ ਅਕੁੰਸ਼ ਰੌਲਾ ਪਾਉਣ ਲੱਗਾ ਤਾਂ ਫਲੈਟ ਤੋਂ ਚਾਰ ਨੌਜਵਾਨ ਆ ਗਏ ਤੇ ਉਨ੍ਹਾਂ ਨੇ ਹਮਲਾਵਰਾਂ ’ਤੇ ਪਥਰਾਅ ਕਰ ਦਿੱਤਾ। ਹਮਲਾਵਰਾਂ ਦੇ ਬਾਈਕ ਸਵਾਰ ਸਾਥੀ ਨੇ ਦੇਸੀ ਕੱਟਾ ਕੱਢ ਕੇ ਹਵਾ ’ਚ ਫਾਇਰਿੰਗ ਕਰ ਦਿੱਤੀ। ਇਸ ਤੋਂ ਬਾਅਦ ਉਹ ਫ਼ਰਾਰ ਹੋ ਗਏ। ਅਕੁੰਸ਼ ਦਿੱਲੀ ਦਾ ਰਹਿਣ ਵਾਲਾ ਹੈ।

ਹਮਲਾਵਰਾਂ ਦੀ ਹੋਈ ਪਛਾਣ

ਦੂਜੇ ਪਾਸੇ ਸੁਰੱਖਿਆ ਗਾਰਡ ਮੇਘਰਾਜ ਨੇ ਦੱਸਿਆ ਕਿ ਉਹ ਡਿਊਟੀ ’ਤੇ ਸਨ। ਇਸ ਦੌਰਾਨ ਦੋ ਕਾਰਾਂ ’ਚ ਨੌਜਵਾਨ ਆਏ ਤੇ ਉਨ੍ਹਾਂ ਨੇ ਬੈਂਕ ਮੈਨੇਜਰ ’ਤੇ ਹਮਲਾ ਕਰ ਦਿੱਤਾ। ਮੈਨੇਜਰ ਦਾ ਉਸ ਦੇ ਸਾਥੀਆਂ ਨੇ ਵਿਚ-ਬਚਾਅ ਕੀਤਾ। ਇੰਨੇ ’ਚ ਹਮਲਾਵਰ ਗੋਲੀ ਚਲਾ ਕੇ ਫ਼ਰਾਰ ਹੋ ਗਏ। ਉਸ ਨੇ ਦੱਸਿਆ ਕਿ ਬੈਂਕ ਮੈਨੇਜਰ ਦੀ ਸੈਕਟਰ 44 ਬਾਹਰ ਹਮਲਾਵਰਾਂ ਨਾਲ ਕਿਸੇ ਗੱਲ ਨੂੰ ਲੈ ਕੇ ਬਹਿਸ ਹੋ ਗਈ ਸੀ। ਫਿਲਹਾਲ ਪੁਲਸ ਨੇ ਹਮਲਾਵਰਾਂ ਦੀ ਪਛਾਣ ਕਰ ਲਈ ਹੈ।

# ਮਸ਼ਹੂਰ ਬਾਲੀਵੁੱਡ ਗਾਇਕਾ ਊਸ਼ਾ ਉਥੁਪ ਦੇ ਪਤੀ ਦਾ ਹੋਇਆ ਦਿਹਾਂਤ



ਭਾਰਤੀ ਪੌਪ ਆਈਕਨ ਊਸ਼ਾ ਉਥੁਪ ਦੇ ਪਤੀ ਜਾਨੀ ਚਾਕੋ ਉਥੁਪ ਦੀ ਸੋਮਵਾਰ ਨੂੰ ਕੋਲਕਾਤਾ ਵਿੱਚ ਮੌਤ ਹੋ ਗਈ, ਉਸਦੇ ਪਰਿਵਾਰ ਨੇ ਇਸ ਬਾਰੇ ਜਾਣਕਾਰੀ ਦਿੱਤੀ ਹੈ। 78 ਸਾਲਾ ਜਾਨੀ ਨੇ ਆਪਣੇ ਘਰ 'ਤੇ ਟੀਵੀ ਦੇਖਦੇ ਸਮੇਂ ਬੇਚੈਨੀ ਦੀ ਸ਼ਿਕਾਇਤ ਕੀਤੀ। ਉਸ ਨੇ ਦੱਸਿਆ ਕਿ ਉਸ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ ਪਰ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਉਸ ਨੇ ਦੱਸਿਆ ਕਿ ਮੌਤ ਦਾ ਕਾਰਨ ਦਿਲ ਦਾ ਦੌਰਾ ਸੀ।

ਊਸ਼ਾ ਦਾ ਦੂਜਾ ਪਤੀ ਜਾਨੀ ਚਾਹ ਦੇ ਬਾਗ ਦੇ ਖੇਤਰ ਨਾਲ ਜੁੜਿਆ ਹੋਇਆ ਸੀ। ਉਹ ਪਹਿਲੀ ਵਾਰ 70 ਦੇ ਦਹਾਕੇ ਦੇ ਸ਼ੁਰੂ ਵਿੱਚ ਵੱਕਾਰੀ ਟ੍ਰਿੰਕਸ ਵਿੱਚ ਮਿਲੇ ਸਨ। ਊਸ਼ਾ ਦਾ ਪਹਿਲਾ ਵਿਆਹ ਮਰਹੂਮ ਰਾਮੂ ਨਾਲ ਹੋਇਆ ਸੀ। ਊਸ਼ਾ ਤੋਂ ਇਲਾਵਾ ਉਨ੍ਹਾਂ ਦੇ ਪਿੱਛੇ ਇਕ ਬੇਟਾ ਸੰਨੀ ਅਤੇ ਇਕ ਬੇਟੀ ਅੰਜਲੀ ਸੀ। ਪਰਿਵਾਰ ਨੇ ਦੱਸਿਆ ਕਿ ਅੰਤਿਮ ਸੰਸਕਾਰ ਮੰਗਲਵਾਰ ਨੂੰ ਕੀਤਾ ਜਾਵੇਗਾ।

ਊਸ਼ਾ ਉਥੁਪ ਦੇ ਗਾਇਕੀ ਦੇ ਸਫ਼ਰ ਬਾਰੇ

76 ਸਾਲਾ ਊਸ਼ਾ ਨੂੰ ਹਾਲ ਹੀ ਵਿੱਚ ਭਾਰਤ ਸਰਕਾਰ ਵੱਲੋਂ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਸੀ। ਉਸਨੇ ਚੇਨਈ ਦੇ ਇੱਕ ਨਾਈਟ ਕਲੱਬ ਵਿੱਚ ਆਪਣੇ ਗਾਇਕੀ ਕਰੀਅਰ ਦੀ ਸ਼ੁਰੂਆਤ ਕੀਤੀ। ਉਸਨੂੰ ਮਹਾਨ ਅਭਿਨੇਤਾ ਦੇਵ ਆਨੰਦ ਦੁਆਰਾ ਦਿੱਲੀ ਦੇ ਇੱਕ ਨਾਈਟ ਕਲੱਬ ਵਿੱਚ ਦੇਖਿਆ ਗਿਆ ਸੀ, ਜਿਸ ਤੋਂ ਬਾਅਦ ਉਸਨੇ 1971 ਦੀ ਫਿਲਮ ਹਰੇ ਰਾਮ ਹਰੇ ਕ੍ਰਿਸ਼ਨਾ ਵਿੱਚ ਬਾਲੀਵੁੱਡ ਵਿੱਚ ਆਪਣੀ ਸ਼ੁਰੂਆਤ ਕੀਤੀ ਸੀ।

ਉਸਨੇ 1970 ਅਤੇ 1980 ਦੇ ਦਹਾਕੇ ਦੇ ਡਿਸਕੋ ਯੁੱਗ ਵਿੱਚ ਸੰਗੀਤਕਾਰ ਆਰ ਡੀ ਬਰਮਨ ਅਤੇ ਬੱਪੀ ਲਹਿਰੀ ਲਈ ਬਹੁਤ ਸਾਰੇ ਗੀਤ ਗਾਏ, ਜਿਸ ਵਿੱਚ ਇੱਕ ਤੂ ਚਾ ਚਾ ਚਾ, ਹਰੀ ਓਮ ਹਰੀ, ਦੋਸਤ ਸੇ ਪਿਆਰ ਕੀਆ, ਸ਼ਾਨ ਸੇ, ਰੰਬਾ, ਕੋਈ ਯਹਾਂ ਆਹਾ ਨੱਚ-ਨੱਚ ਨਾਕਾ ਬੰਦੀ ਸ਼ਾਮਲ ਹਨ।

ਹਾਲ ਹੀ ਵਿੱਚ, ਉਸਨੇ ਕਭੀ ਖੁਸ਼ੀ ਕਭੀ ਗਮ ਤੋਂ ਵੰਦੇ ਮਾਤਰਮ, 7 ਖੂਨ ਮਾਫ ਤੋਂ ਡਾਰਲਿੰਗ ਅਤੇ ਪਿਛਲੇ ਸਾਲ ਦ੍ਰਿਸ਼ਯਮ 2 ਟਾਈਟਲ ਟਰੈਕ ਵੀ ਗਾਇਆ। ਉਹ ਪ੍ਰਸਿੱਧ ਟੀਵੀ ਸ਼ੋਅ ਸਾਰਾਭਾਈ ਬਨਾਮ ਸਾਰਾਭਾਈ ਅਤੇ ਅਮੂਲ ਦੇ ਟਾਈਟਲ ਥੀਮ ਵਰਗੀਆਂ ਯਾਦਗਾਰੀ ਜਿੰਗਲਜ਼ ਪੇਸ਼ ਕਰਨ ਲਈ ਵੀ ਜਾਣੀ ਜਾਂਦੀ ਹੈ।


ਊਸ਼ਾ ਨੇ ਤਾਮਿਲ, ਤੇਲਗੂ ਅਤੇ ਮਲਿਆਲਮ ਸਮੇਤ ਕਈ ਦੱਖਣ ਦੀਆਂ ਫ਼ਿਲਮਾਂ ਵਿੱਚ ਵੀ ਗੀਤ ਗਾਏ ਹਨ। ਉਸਨੇ ਕੁਝ ਫਿਲਮਾਂ ਵਿੱਚ ਵੀ ਕੰਮ ਕੀਤਾ ਹੈ, 2011 ਦੀ ਬਲੈਕ ਕਾਮੇਡੀ, 7 ਖੂਨ ਮਾਫ ਵਿੱਚ ਪ੍ਰਿਅੰਕਾ ਚੋਪੜਾ ਦੀ ਘਰੇਲੂ ਨੌਕਰ ਮੈਗੀ ਆਂਟੀ ਦੀ ਭੂਮਿਕਾ ਵਿੱਚ ਦੇਖੀ ਗਈ।

# ਕਦੀ ਮਾਂ ਨਹੀਂ ਬਣ ਸਕਦੀ ਰਾਖੀ ਸਾਵੰਤ



ਡਰਾਮਾ ਕੁਈਨ ਰਾਖੀ ਸਾਵੰਤ ਕਿਸੇ ਨਾ ਕਿਸੇ ਕਾਰਨ ਸੁਰਖੀਆਂ 'ਚ ਬਣੀ ਰਹਿੰਦੀ ਹੈ। ਰਾਖੀ ਇਨ੍ਹੀਂ ਦਿਨੀਂ ਮੁੰਬਈ 'ਚ ਨਹੀਂ ਹੈ ਪਰ ਸਰਜਰੀ ਤੋਂ ਬਾਅਦ ਦੁਬਈ 'ਚ ਰੈਸਟ ਮੋਡ 'ਤੇ ਹੈ। ਇਸ ਦੇ ਬਾਵਜੂਦ ਰਾਖੀ ਨੇ ਪਿਛਲੇ ਕੁਝ ਦਿਨਾਂ 'ਚ ਅਰਮਾਨ ਮਲਿਕ ਅਤੇ ਉਨ੍ਹਾਂ ਦੀਆਂ ਦੋਹਾਂ ਪਤਨੀਆਂ ਨੂੰ ਲੈ ਕੇ ਕਈ ਬਿਆਨ ਦਿੱਤੇ ਹਨ। ਹੁਣ ਰਾਖੀ ਨੇ ਆਪਣੀ ਸਰਜਰੀ ਬਾਰੇ ਗੱਲ ਕੀਤੀ ਹੈ।ਰਾਖੀ ਨੇ ਕਿਹਾ- 'ਡਾਕਟਰਾਂ ਨੇ ਸੋਚਿਆ ਕਿ ਇਹ ਦਿਲ ਦਾ ਦੌਰਾ ਹੈ, ਪਰ ਬਾਅਦ 'ਚ ਉਨ੍ਹਾਂ ਨੂੰ ਮੇਰੇ ਪੇਟ 'ਚ 10 ਸੈਂਟੀਮੀਟਰ ਦਾ ਟਿਊਮਰ ਮਿਲਿਆ। ਮੈਂ ਹਮੇਸ਼ਾ ਸੋਚਦੀ ਸੀ ਕਿ ਮੈਂ ਇੰਨੀ ਜ਼ਿਆਦਾ ਮੋਟੀ ਕਿਉਂ ਹੋ ਰਹੀ ਹਾਂ।ਇਸ ਤੋਂ ਬਾਅਦ ਉਨ੍ਹਾਂ ਨੇ ਮੇਰੀ ਬੱਚੇਦਾਨੀ ਅਤੇ ਟਿਊਮਰ ਨੂੰ ਕੱਢ ਦਿੱਤਾ। ਸਰਜਰੀ ਤੋਂ ਬਾਅਦ, ਮੈਂ ਕੋਮਾ ਅਤੇ ਆਈ.ਸੀ.ਯੂ. 'ਚ ਸੀ।ਰਾਖੀ ਸਾਵੰਤ ਨੇ ਅੱਗੇ ਕਿਹਾ- 'ਹੁਣ ਮੈਂ ਕਦੇ ਮਾਂ ਨਹੀਂ ਬਣ ਸਕਦੀ। ਅੰਦਰ ਦਰਦ ਬਹੁਤ ਹੈ ਪਰ ਜ਼ਿੰਦਗੀ ਦਾ ਸਾਹਮਣਾ ਕਰਨਾ ਪੈਂਦਾ ਹੈ। ਹੁਣ ਮੈਂ ਸਰੋਗੇਸੀ ਬਾਰੇ ਸੋਚਾਂਗੀ। ਮੈਂ ਬੱਚਾ ਗੋਦ ਵੀ ਨਹੀਂ ਲੈ ਸਕਦੀ।ਸਰਜਰੀ ਦੌਰਾਨ ਉਨ੍ਹਾਂ ਦੇ ਹਸਪਤਾਲ ਦੇ ਬਿੱਲਾਂ ਦਾ ਭੁਗਤਾਨ ਬਾਲੀਵੁੱਡ ਦੇ ਭਾਈਜਾਨ ਯਾਨੀ ਸਲਮਾਨ ਖ਼ਾਨ ਨੇ ਕੀਤਾ ਸੀ। ਇਸ 'ਤੇ ਰਾਖੀ ਸਾਵੰਤ ਨੇ ਕਿਹਾ- 'ਉਹ ਆਪਣੇ ਲੋਕਾਂ ਨੂੰ ਕਦੇ ਨਹੀਂ ਭੁੱਲਦੀ, ਉਹ ਕਿਸੇ ਨੂੰ ਦੱਸੇ ਬਿਨਾਂ ਮਦਦ ਕਰਦੀ ਹੈ। ਉਸ ਨੇ ਮੇਰੇ ਡਾਕਟਰੀ ਖਰਚਿਆਂ 'ਚ ਮੇਰੀ ਮਦਦ ਕੀਤੀ।

# ਅਨੰਤ- ਰਾਧਿਕਾ ਮਰਚੈਂਟ ਦੀ ਸੰਗੀਤ ਸੈਰੇਮਨੀ ਚ ਸੋਨਮ ਬਾਜਵਾ ਦਾ ਦੇਖਣ ਨੂੰ ਮਿਲਿਆ ਜਲਵਾ




ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ ਦੇ ਸੰਗੀਤ ਸਮਾਰੋਹ 'ਚ ਕਈ ਸਿਤਾਰਿਆਂ ਨੇ ਸ਼ਿਰਕਤ ਕੀਤੀ। ਪਾਲੀਵੁੱਡ ਅਦਾਕਾਰਾ ਸੋਨਮ ਬਾਜਵਾ ਵੀ ਸੰਗੀਤ ਸੈਰੇਮਨੀ 'ਚ ਸ਼ਾਮਲ ਹੋਈ।ਉਸ ਨੇ ਲਾਲ ਲਹਿੰਗਾ ਚੋਲੀ 'ਚ ਖੂਬਸੂਰਤ ਐਂਟਰੀ ਕੀਤੀ। ਸੋਨਮ ਬਾਵਜਾ ਇੰਨੀ ਖੂਬਸੂਰਤ ਲੱਗ ਰਹੀ ਸੀ ਕਿ ਬਾਲੀਵੁੱਡ ਦੀਆਂ ਹੀਰੋਇਨਾਂ ਉਸ ਦੇ ਅੱਗੇ ਫਿੱਕੀਆਂ ਨਜ਼ਰ ਆਈਆਂ।ਅਦਾਕਾਰਾ ਨੇ ਇੰਸਟਾਗ੍ਰਾਮ 'ਤੇ ਤਸਵੀਰਾਂ ਸ਼ੇਅਰ ਕੀਤੀਆਂ ਹਨ। ਫੈਨਜ਼ ਤਸਵੀਰਾਂ ਨੂੰ ਦੇਖ ਕੇ ਖੁਸ਼ ਹੋ ਰਹੇ ਹਨ ਅਤੇ ਕੁਮੈਂਟਸ ਕਰ ਰਹੇ ਹਨ।



# ਗਾਇਕਾ ਕੌਰ ਬੀ ਮੁੜ ਛਾਈ ਸੁਰਖੀਆਂ 'ਚ, ਵ੍ਹਾਈਟ ਸੂਟ 'ਚ ਫਲਾਂਟ ਕੀਤਾ ਕਾਤਿਲਾਨਾ ਅੰਦਾਜ਼

'ਸੁਨੱਖੀ', 'ਤੇਰੀ ਵੇਟ', 'ਫੁੱਲਕਾਰੀ', 'ਵੈਲੀ ਜੱਟ', 'ਮਿਸ ਯੂ' ਵਰਗੇ ਗੀਤਾਂ ਨਾਲ ਪ੍ਰਸਿੱਧੀ ਖੱਟਣ ਵਾਲੀ ਕੌਰ ਬੀ ਹਮੇਸ਼ਾ ਹੀ ਆਪਣੀਆਂ ਤਸਵੀਰਾਂ ਅਤੇ ਵੀਡੀਓਜ਼ ਨੂੰ ਲੈ ਕੇ ਸੁਰਖੀਆਂ 'ਚ ਬਣੀ ਰਹਿੰਦੀ ਹੈ। ਸੁਰੀਲੀ ਆਵਾਜ਼ ਦੇ ਸਦਕਾ ਕੌਰ ਬੀ ਨੂੰ ਸੁਣਨ ਵਾਲਿਆਂ ਦੀ ਗਿਣਤੀ ਲਗਾਤਾਰ ਵੱਧਦੀ ਜਾ ਰਹੀ ਹੈ। ਕੌਰ ਬੀ ਨੇ ਬਹੁਤ ਹੀ ਘੱਟ ਸਮੇਂ 'ਚ ਪੰਜਾਬੀ ਸੰਗੀਤ ਜਗਤ 'ਚ ਖਾਸ ਜਗਾ ਬਣਾਈ ਹੈ। ਦੱਸ ਦਈਏ ਕਿ ਜਿੰਨੀ ਖੂਬਸੂਰਤ ਕੌਰ ਬੀ ਖੁਦ ਹੈ ਉਸ ਤੋਂ ਵੀ ਜ਼ਿਆਦਾ ਖੂਬਸੂਰਤ ਉਨ੍ਹਾਂ ਦੀ ਹਰ ਅਦਾ ਹੈ, ਜਿਸ ਨੂੰ ਪੰਜਾਬੀ ਗੱਭਰੂ 'ਤੇ ਮੁਟਿਆਰਾਂ ਕਾਫ਼ੀ ਪਸੰਦ ਕਰਦੇ ਹਨ। ਹਾਲ ਹੀ 'ਚ ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਕੁਝ ਤਸਵੀਰਾਂ ਪੋਸਟ ਕੀਤੀਆਂ ਹਨ, ਜਿਨ੍ਹਾਂ ਨੂੰ ਫੈਨਜ਼ ਵਲੋਂ ਵੀ ਕਾਫ਼ੀ ਪਸੰਦ ਕੀਤਾ ਜਾ ਰਿਹਾ ਹੈ।ਇਨ੍ਹਾਂ ਤਸਵੀਰਾਂ 'ਚ ਕੌਰ ਬੀ ਆਪਣੀਆਂ ਅਦਾਵਾਂ ਨਾਲ ਪ੍ਰਸ਼ੰਸਕਾਂ ਨੂੰ ਦੀਵਾਨਾ ਬਣਾਉਂਦੇ ਹੋਏ ਵਿਖਾਈ ਦੇ ਰਹੀ ਹੈ। ਕੌਰ ਬੀ ਨੇ ਇਨ੍ਹਾਂ ਤਸਵੀਰਾਂ ਨੂੰ ਸ਼ੇਅਰ ਕਰਦੇ ਹੋਏ ਕੈਪਸ਼ਨ 'ਚ ਹਾਰਟ ਇਮੋਜ਼ੀ ਬਣਾਇਆ ਹੈ। ਇਸ ਫੋਟੋਸ਼ੂਟ 'ਚ ਕੌਰ ਬੀ ਦਾ ਕਾਲੇ ਸੂਟ 'ਚ ਪੰਜਾਬੀ ਅੰਦਾਜ਼ ਵੇਖਣ ਨੂੰ ਮਿਲ ਰਿਹਾ ਹੈ।

# ਜ਼ਹੀਰ ਇਕਬਾਲ ਨੇ ਪਤਨੀ ਸੋਨਾਕਸ਼ੀ ਨਾਲ ਸ਼ੇਅਰ ਕੀਤੀ 7 ਸਾਲ ਪੁਰਾਣੀ ਤਸਵੀਰ



ਵਿਆਹ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਕਾਫੀ ਐਕਟਿਵ ਰਹਿੰਦੀ ਹੈ। ਇਹ ਜੋੜਾ ਆਪਣੇ ਇੰਸਟਾਗ੍ਰਾਮ 'ਤੇ ਲਗਾਤਾਰ ਤਸਵੀਰਾਂ ਸ਼ੇਅਰ ਕਰ ਰਿਹਾ ਹੈ। ਇਹ ਜੋੜਾ ਖੁੱਲ੍ਹ ਕੇ ਆਪਣੇ ਪਿਆਰ ਭਰੇ ਪਲਾਂ ਦਾ ਆਨੰਦ ਲੈ ਰਿਹਾ ਹੈ। ਸੋਨਾਕਸ਼ੀ ਅਤੇ ਜ਼ਹੀਰ ਇੱਕ ਦੂਜੇ ਦੀਆਂ ਪੋਸਟਾਂ 'ਤੇ ਪ੍ਰਤੀਕਿਰਿਆ ਦੇ ਰਹੇ ਹਨ। ਜ਼ਹੀਰ ਨੇ ਹਾਲ ਹੀ 'ਚ ਆਪਣੇ ਇੰਸਟਾਗ੍ਰਾਮ 'ਤੇ ਬਲੈਕ ਐਂਡ ਵ੍ਹਾਈਟ ਫੋਟੋ ਸ਼ੇਅਰ ਕੀਤੀ ਹੈ। ਫੋਟੋ ਵਿੱਚ ਜ਼ਹੀਰ ਅਤੇ ਸੋਨਾਕਸ਼ੀ ਇੱਕ ਦੂਜੇ ਦੀਆਂ ਅੱਖਾਂ ਵਿੱਚ ਡੁੱਬੇ ਨਜ਼ਰ ਆ ਰਹੇ ਹਨ। ਜ਼ਹੀਰ ਨੇ ਇਸ ਫੋਟੋ ਨਾਲ ਪਿਆਰ ਭਰਿਆ ਕੈਪਸ਼ਨ ਵੀ ਲਿਖਿਆ ਹੈ। ਹੈ. ਜੋੜੇ ਦੀ ਇਹ ਤਸਵੀਰ ਸੋਸ਼ਲ ਮੀਡੀਆ 'ਤੇ ਕਾਫੀ ਮਸ਼ਹੂਰ ਹੈ।

ਜ਼ਹੀਰ ਨੇ ਪਤਨੀ ਸੋਨਾਕਸ਼ੀ ਨਾਲ 7 ਸਾਲ ਪੁਰਾਣੀ ਤਸਵੀਰ ਸ਼ੇਅਰ ਕੀਤੀ ਹੈ। ਇਸ ਫੋਟੋ ਨੂੰ ਸ਼ੇਅਰ ਕਰਦੇ ਹੋਏ ਜ਼ਹੀਰ ਨੇ ਕੈਪਸ਼ਨ ਲਿਖਿਆ, ਇਹ ਦਿਨ.. ਇਹ ਪਲ ਅਤੇ ਇਹ ਅਹਿਸਾਸ। ਮੈਨੂੰ ਪਤਾ ਸੀ ਕਿ ਇਹ ਹਮੇਸ਼ਾ ਲਈ ਹੈ। ਜ਼ਹੀਰ ਦੀ ਪੋਸਟ 'ਤੇ ਸੋਨਾਕਸ਼ੀ ਨੇ ਵੀ ਆਪਣੀ ਪ੍ਰਤੀਕਿਰਿਆ ਦਿੱਤੀ ਹੈ। ਫੋਟੋ 'ਤੇ ਕੁਮੈਂਟ ਕਰਦੇ ਹੋਏ, ਅਦਾਕਾਰਾ ਨੇ ਲਿਖਿਆ, ਮੇਰਾ ਪਿਆਰ, ਅਜੇ ਵੀ ਇੱਕ ਦੂਜੇ ਲਈ ਗਾਣਾ ਗਾ ਰਿਹਾ ਹੈ। ਇਹ ਕਦੇ ਖਤਮ ਨਾ ਹੋਵੇ।ਸੋਨਾਕਸ਼ੀ ਅਤੇ ਜ਼ਹੀਰ ਪਿਛਲੇ 7 ਸਾਲਾਂ ਤੋਂ ਇੱਕ ਦੂਜੇ ਨੂੰ ਡੇਟ ਕਰ ਰਹੇ ਸਨ। 23 ਜੂਨ ਨੂੰ, ਜੋੜਾ ਪਰਿਵਾਰ ਅਤੇ ਦੋਸਤਾਂ ਵਿਚਕਾਰ ਵਿਆਹ ਦੇ ਬੰਧਨ 'ਚ ਬੱਝ ਗਿਆ। ਜੋੜੇ ਦੇ ਵਿਆਹ 'ਚ ਕਰੀਬੀ ਦੋਸਤ ਅਤੇ ਪਰਿਵਾਰਕ ਮੈਂਬਰ ਸ਼ਾਮਲ ਹੋਏ। ਜੋੜੇ ਨੇ ਕੋਰਟ ਮੈਰਿਜ ਕੀਤੀ ਸੀ। ਅਦਾਕਾਰਾ ਨੇ ਵਿਆਹ ਤੋਂ ਬਾਅਦ ਗ੍ਰੈਂਡ ਰਿਸੈਪਸ਼ਨ ਪਾਰਟੀ ਦਿੱਤੀ। ਜੋੜੇ ਦੇ ਰਿਸੈਪਸ਼ਨ 'ਚ ਬਾਲੀਵੁੱਡ ਦੇ ਸਾਰੇ ਸਿਤਾਰੇ ਸ਼ਾਮਲ ਹੋਏ। ਇਸ ਦੌਰਾਨ ਜੇਕਰ ਵਰਕ ਫਰੰਟ ਦੀ ਗੱਲ ਕਰੀਏ ਤਾਂ ਸੋਨਾਕਸ਼ੀ ਦੀ ਫਿਲਮ ਕਾਕੂਡਾ ZEE5 'ਤੇ ਰਿਲੀਜ਼ ਹੋਣ ਜਾ ਰਹੀ ਹੈ।

## Croatia ਨੇ ਕਾਮਿਆਂ ਲਈ ਖੋਲ੍ਹੇ ਦਰਵਾਜ਼ੇ, ਮਿਲੇਗਾ 2 ਸਾਲ ਦਾ ਵਰਕ ਵੀਜ਼ਾ




ਦੱਖਣ-ਪੂਰਬੀ ਯੂਰਪੀ ਦੇਸ਼ ਕਰੋਸ਼ੀਆ ਜਾਣ ਦੇ ਚਾਹਵਾਨਾਂ ਲਈ ਚੰਗੀ ਖ਼ਬਰ ਹੈ। ਹੁਣ ਤੁਸੀਂ ਆਸਾਨੀ ਨਾਲ ਕਰੋਸ਼ੀਆ ਦਾ ਵਰਕ ਵੀਜ਼ਾ ਹਾਸਲ ਕਰ ਸਕਦੇ ਹੋ। ਇੱਥੇ ਖੇਤੀਬਾੜੀ ਖੇਤਰ ਅਤੇ ਪੈਕੇਜਿੰਗ ਉਸਾਰੀ ਖੇਤਰ ਵਿਚ ਵੱਡੇ ਪੱਧਰ 'ਤੇ ਕਾਮਿਆਂ ਦੀ ਲੋੜ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਤੁਸੀਂ ਨੰਬਰ 77102-90013 'ਤੇ ਸੰਪਰਕ ਕਰ ਸਕਦੇ ਹੋ। ਚੰਗੀ ਗੱਲ ਇਹ ਹੈ ਕਿ ਅਪਲਾਈ ਕਰਨ ਵਾਲਿਆਂ ਨੂੰ ਸਰਕਾਰ 2 ਸਾਲ ਵਰਕ ਪਰਮਿਟ ਦੇਵੇਗੀ। ਅਪਲਾਈ ਕਰਨ ਲਈ ਘੱਟੋ-ਘੱਟ 18 ਸਾਲ ਅਤੇ ਵੱਧ ਤੋਂ ਵੱਧ 40 ਸਾਲ ਉਮਰ ਹੋਣੀ ਚਾਹੀਦੀ ਹੈ। ਅਪਲਾਈ ਕਰਨ ਮਗਰੋਂ ਪ੍ਰੋਸੈਸਿੰਗ ਸਮਾਂ-3-4 ਮਹੀਨੇ ਲੱਗ ਸਕਦਾ ਹੈ। ਇਸ ਲਈ ਤੁਹਾਨੂੰ ਕਿਸੇ ਚੰਗੇ ਕੰਸਲਟੈਂਟ ਦੀ ਲੋੜ ਹੋਵੇਗੀ ਜੋ ਤੁਹਾਡੀ ਫਾਈਲ ਤਿਆਰ ਕਰ ਕੇ ਲਗਾ ਸਕੇ। ਵਧੇਰੇ ਜਾਣਕਾਰੀ ਲਈ ਤੁਸੀਂ ਨੰਬਰ 77102-90013 'ਤੇ ਸੰਪਰਕ ਕਰ ਸਕਦੇ ਹੋ।

## ਉਡਾਣ ਭਰਨ ਤੋਂ ਬਾਅਦ ਨਿਕਲਿਆ ਜਹਾਜ਼ ਦਾ 'ਪਹੀਆ', 174 ਯਾਤਰੀ ਸਨ ਸਵਾਰ




ਅਮਰੀਕਾ ਦੇ ਲਾਸ ਏਂਜਲਸ ਵਿੱਚ ਸੋਮਵਾਰ ਨੂੰ ਉਡਾਣ ਭਰਦੇ ਸਮੇਂ ਯੂਨਾਈਟਿਡ ਏਅਰਲਾਈਨਜ਼ ਦੇ ਬੋਇੰਗ ਜੈੱਟ ਜਹਾਜ਼ ਦਾ ਪਹੀਆ ਡਿੱਗ ਗਿਆ। ਹਾਲਾਂਕਿ ਜਹਾਜ਼ ਨੂੰ ਬਾਅਦ ਵਿੱਚ ਡੇਨਵਰ ਵਿੱਚ ਸੁਰੱਖਿਅਤ ਉਤਾਰਿਆ ਗਿਆ। ਏਅਰਲਾਈਨ ਕੰਪਨੀ ਨੇ ਇਹ ਜਾਣਕਾਰੀ ਦਿੱਤੀ। ਕੰਪਨੀ ਨੇ ਇਕ ਬਿਆਨ 'ਚ ਕਿਹਾ ਕਿ ਇਸ ਘਟਨਾ 'ਚ ਕਿਸੇ ਦੇ ਜ਼ਖਮੀ ਹੋਣ ਦੀ ਕੋਈ ਖਬਰ ਨਹੀਂ ਹੈ। ਬਿਆਨ ਅਨੁਸਾਰ, "ਜਹਾਜ਼ ਦਾ ਪਹੀਆ ਲਾਸ ਏਂਜਲਸ ਵਿੱਚ ਬਰਾਮਦ ਕਰ ਲਿਆ ਗਿਆ ਹੈ। ਅਸੀਂ ਘਟਨਾ ਦੇ ਪਿੱਛੇ ਦੇ ਕਾਰਨਾਂ ਦੀ ਜਾਂਚ ਕਰ ਰਹੇ ਹਾਂ।" ਘਟਨਾ ਦੇ ਸਮੇਂ ਬੋਇੰਗ 757-200 ਜਹਾਜ਼ ਵਿੱਚ 174 ਯਾਤਰੀ ਅਤੇ ਚਾਲਕ ਦਲ ਦੇ ਸੱਤ ਮੈਂਬਰ ਸਵਾਰ ਸਨ। ਇਸ ਤੋਂ ਪਹਿਲਾਂ 7 ਮਾਰਚ ਨੂੰ ਸਾਨ ਫਰਾਂਸਿਸਕੋ ਤੋਂ ਉਡਾਣ ਭਰਨ ਵਾਲੇ ਯੂਨਾਈਟਿਡ ਏਅਰਲਾਈਨਜ਼ ਦੇ ਬੋਇੰਗ ਬੀ777-200 ਜੈੱਟ ਜਹਾਜ਼ ਦਾ ਪਹੀਆ ਹਵਾ ਵਿਚ ਟੁੱਟ ਕੇ ਡਿੱਗ ਗਿਆ ਸੀ। ਇਸ ਘਟਨਾ ਕਾਰਨ ਜਹਾਜ਼ ਏਅਰਪੋਰਟ ਪਾਰਕਿੰਗ ਖੇਤਰ ਵਿੱਚ ਇੱਕ ਕਾਰ ਦੇ ਉੱਪਰ ਡਿੱਗ ਗਿਆ। ਹਾਲਾਂਕਿ ਕੋਈ ਜ਼ਖਮੀ ਨਹੀਂ ਹੋਇਆ।

## ਕੈਨੇਡਾ ਤੋਂ ਆਈ ਮੰਦਭਾਗੀ ਖ਼ਬਰ, ਭਿਆਨਕ ਸੜਕ ਹਾਦਸੇ 'ਚ 2 ਭਾਰਤੀ ਵਿਦਿਆਰਥੀਆਂ ਦੀ ਹੋਈ ਮੌਤ



ਕੈਨੇਡਾ ਦੇ ਵੈਨਕੂਵਰ ਹਾਈਵੇਅ ਨੰਬਰ 1 'ਤੇ ਭਿਆਨਕ ਕਾਰ ਸੜਕ ਹਾਦਸਾ ਵਾਪਰਨ ਦੀ ਜਾਣਕਾਰੀ ਪ੍ਰਾਪਤ ਹੋਈ ਹੈ। ਇਸ ਹਾਦਸੇ 'ਚ 4 ਭਾਰਤੀ ਵਿਦਿਆਰਥੀ ਜੋ ਕਾਰ 'ਚ ਸਵਾਰ ਸਨ, ਦੀ ਮੌਕੇ 'ਤੇ ਹੀ ਮੌਤ ਹੋ ਗਈ ਹੈ।

ਪੁਲਸ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਹਾਦਸੇ ਵਿੱਚ ਇੱਕ ਔਰਤ ਦੀ ਕਾਰ ਅਤੇ 4 ਭਾਰਤੀ ਵਿਦਿਆਰਥੀਆਂ ਦੀ ਕਾਰ ਦੀ ਆਪਸ 'ਚ ਭਿਆਨਕ ਟੱਕਰ ਹੋ ਗਈ ਸੀ, ਜਿਸ 'ਚ 2 ਭਾਰਤੀ ਵਿਦਿਆਰਥੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ 2 ਲੋਕਾਂ ਨੂੰ ਗੰਭੀਰ ਰੂਪ 'ਚ ਜ਼ਖ਼ਮੀ ਹਾਲਾਤ 'ਚ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ।

ਕੈਨੇਡੀਅਨ ਮੀਡੀਆ ਦੀਆ ਰਿਪੋਰਟਾਂ ਮੁਤਾਬਕ ਇਨ੍ਹਾਂ ਚਾਰ ਲੋਕਾਂ ਦੀ ਪਛਾਣ ਕਰ ਲਈ ਗਈ ਹੈ। ਇਹ ਸਾਰੇ ਭਾਰਤੀ ਵਿਦਿਆਰਥੀ ਹਨ ਅਤੇ ਆਰਜ਼ੀ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਆਏ ਸਨ। ਹਾਲਾਂਕਿ ਪੁਲਸ ਨੇ ਇਹ ਜਾਣਕਾਰੀ ਨਹੀਂ ਦਿੱਤੀ ਕਿ ਦੂਜੀ ਕਾਰ ਸਵਾਰ ਔਰਤ ਕੌਣ ਸੀ ਅਤੇ ਹੁਣ ਉਸ ਦੀ ਹਾਲਤ ਕਿਵੇਂ ਹੈ। ਪਰ ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਉਹ ਕੈਨੇਡੀਅਨ ਨਾਗਰਿਕ ਸੀ। ਵੈਸਟ ਵੈਨਕੂਵਰ ਪੁਲਸ ਵਿਭਾਗ ਨੇ ਕਿਹਾ ਕਿ ਇੱਕ ਕਾਰ ਵੈਸਟਪੋਰਟ ਰੋਡ ਦੇ ਨੇੜੇ ਵੈਸਟ ਸਾਈਡ ਲੇਨ ਵਿੱਚ ਪੂਰਬ ਵੱਲ ਨੂੰ ਜਾ ਰਹੀ ਸੀ। ਰਾਤ ਕਰੀਬ 11:40 ਵਜੇ ਇਸ ਦੀ ਇਕ ਹੋਰ ਗੱਡੀ ਨਾਲ ਆਹਮੋ-ਸਾਹਮਣੇ ਟੱਕਰ ਹੋ ਗਈ, ਜਿਸ ਕਾਰਨ 2 ਭਾਰਤੀ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਗੱਡੀ 'ਚ ਸਵਾਰ ਬਾਕੀ 2 ਵਿਅਕਤੀਆਂ ਦੀ ਹਾਲਤ ਨਾਜ਼ੁਕ ਹੋਣ ਕਾਰਨ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ। 4 ਲੋਕਾਂ ਦੀ ਪਛਾਣ ਦਾ ਪੁਲਸ ਵੱਲੋ ਖੁਲਾਸਾ ਨਹੀਂ ਕੀਤਾ ਗਿਆ।

ਵੈਨਕੂਵਰ ਪੁਲਸ ਵਿਭਾਗ ਨੇ ਕਿਹਾ ਕਿ ਸਾਡੀ ਜਾਂਚ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਇਸ ਗੰਭੀਰ ਹਾਦਸੇ ਵਿੱਚ 20 ਅਤੇ 21 ਸਾਲ ਦੇ ਦੋ ਭਾਰਤੀ ਵਿਦਿਆਰਥੀਆਂ ਦੀ ਮੌਤ ਹੋ ਗਈ, ਜਦਕਿ ਬਾਕੀ 2 ਨੌਜਵਾਨ ਜਿਨ੍ਹਾਂ ਦੀ ਉਮਰ 19 ਅਤੇ 20 ਸਾਲ ਸੀ, ਗੰਭੀਰ ਰੂਪ ਨਾਲ ਜ਼ਖਮੀ ਹੋ ਗਏ ਹਨ। ਦੂਜੇ ਪਾਸੇ ਇਸ ਹਾਦਸੇ ਵਿੱਚ ਇੱਕ 26 ਸਾਲਾ ਲੜਕੀ ਵੀ ਗੰਭੀਰ ਜ਼ਖ਼ਮੀ ਹੋ ਗਈ। ਪਰ ਪੁਲਸ ਨੇ ਉਸ ਦੀ ਪਛਾਣ ਨਹੀਂ ਦੱਸੀ ਹੈ ਅਤੇ ਨਾ ਹੀ ਉਸ ਦੀ ਮੈਡੀਕਲ ਸਥਿਤੀ ਬਾਰੇ ਅਜੇ ਤੱਕ ਕਿਸੇ ਨੂੰ ਸੂਚਿਤ ਕੀਤਾ ਗਿਆ ਹੈ। ਇਸ ਘਟਨਾ ਬਾਰੇ ਵੈਨਕੂਵਰ ਪੁਲਸ ਨੇ ਕਿਹਾ ''ਇਹ ਘਟਨਾ ਕਿਸੇ ਵੀ ਦੇਸ਼ ਵਿੱਚ ਮਾਤਾ-ਪਿਤਾ ਨੂੰ ਹੈਰਾਨ ਕਰ ਦੇਵੇਗੀ। ਅਸਥਾਈ ਸਟੂਡੈਂਟ ਵੀਜ਼ੇ 'ਤੇ ਭਾਰਤ ਤੋਂ ਇੱਥੇ ਪੜ੍ਹਾਈ ਕਰਨ ਆਏ 4 ਲੜਕਿਆਂ ਦੀ ਕਾਰ ਦਾ ਭਿਆਨਕ ਹਾਦਸਾ ਹੋ ਗਿਆ ਹੈ। ਜਿਨ੍ਹਾਂ ਵਿੱਚੋਂ 2 ਲੋਕਾਂ ਦੀ ਮੌਤ ਹੋ ਗਈ ਹੈ, ਅਸੀਂ ਉਨ੍ਹਾਂ ਦੇ ਪਰਿਵਾਰਾਂ ਨੂੰ ਇਸ ਦੁਖਦਾਈ ਘਟਨਾ ਬਾਰੇ ਸੂਚਿਤ ਕਰ ਦਿੱਤਾ ਹੈ। ਇਸ ਔਖੇ ਸਮੇਂ ਵਿੱਚ ਸਾਡੀ ਸੰਵੇਦਨਾ ਭਾਰਤੀ ਵਿਦਿਆਰਥੀਆਂ ਦੇ ਪਰਿਵਾਰਾਂ ਨਾਲ ਹੈ। ਅਸੀਂ ਉਨ੍ਹਾਂ ਲੋਕਾਂ ਪ੍ਰਤੀ ਸੰਵੇਦਨਾ ਪ੍ਰਗਟ ਕਰਦੇ ਹਾਂ ਜੋ ਇਸ ਦੁਖਾਂਤ ਵਿੱਚ ਜ਼ਖਮੀ ਜਾਂ ਮਾਰੇ ਗਏ ਹਨ। ਪੁਲਸ ਨੇ ਅੱਗੇ ਕਿਹਾ ਕਿ ਪੀੜਤ ਪਰਿਵਾਰ ਦੀ ਨਿੱਜਤਾ ਅਤੇ ਮਰਨ ਵਾਲਿਆਂ ਦੇ ਅਕਸ ਨੂੰ ਸੁਰੱਖਿਅਤ ਰੱਖਣ ਲਈ, ਅਸੀਂ ਉਨ੍ਹਾਂ ਦੇ ਨਾਮ ਜਾਂ ਹੋਰ ਵੇਰਵੇ ਜਾਰੀ ਨਾ ਕਰਨ ਦਾ ਫੈਸਲਾ ਕੀਤਾ ਹੈ।''

## ਨਾਟੋ ਮੈਂਬਰਾਂ 'ਚ ਅਲੱਗ-ਥਲੱਗ ਪਿਆ ਕੈਨੇਡਾ



ਕੈਨੇਡਾ ਨਾਟੋ ਦੇ 32 ਮੈਂਬਰ ਦੇਸ਼ਾਂ ਵਿੱਚੋਂ ਅਲੱਗ-ਥਲੱਗ ਪੈ ਗਿਆ ਹੈ। ਇੱਕ ਅਮਰੀਕੀ ਮੀਡੀਆ ਚੈਨਲ ਨੇ ਇਹ ਦਾਅਵਾ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਕੈਨੇਡਾ ਆਪਣਾ ਘਰੇਲੂ ਰੱਖਿਆ ਖਰਚਾ ਨਿਰਧਾਰਤ ਸੀਮਾ ਤੱਕ ਨਹੀਂ ਕਰ ਪਾ ਰਿਹਾ ਹੈ। ਇਸ ਕਾਰਨ ਕੈਨੇਡੀਅਨ ਫੌਜ ਦੇ ਬਹੁਤ ਸਾਰੇ ਸਾਜ਼ੋ-ਸਾਮਾਨ ਪੁਰਾਣੇ ਹੋ ਗਏ ਹਨ ਅਤੇ ਰੱਖਿਆ ਖਰਚ ਕਰਨਾ ਫਿਲਹਾਲ ਕੈਨੇਡੀਅਨ ਸਰਕਾਰ ਦੀ ਤਰਜੀਹ ਨਹੀਂ ਹੈ। ਇਹ ਰਿਪੋਰਟ ਅਜਿਹੇ ਸਮੇਂ 'ਚ ਸਾਹਮਣੇ ਆਈ ਹੈ, ਜਦੋਂ ਕੈਨੇਡੀਅਨ ਪੀ.ਐੱਮ ਜਸਟਿਨ ਟਰੂਡੋ ਨਾਟੋ ਦੀ ਬੈਠਕ 'ਚ ਸ਼ਾਮਲ ਹੋਣ ਲਈ ਵਾਸ਼ਿੰਗਟਨ ਡੀਸੀ ਪਹੁੰਚੇ ਹਨ। ਵਾਸ਼ਿੰਗਟਨ ਵਿੱਚ ਰਾਸ਼ਟਰਪਤੀ ਜੋਅ ਬਾਈਡੇਨ ਦੀ ਪ੍ਰਧਾਨਗੀ ਵਿੱਚ ਨਾਟੋ ਦੀ ਇੱਕ ਅਹਿਮ ਬੈਠਕ ਹੋ ਰਹੀ ਹੈ।

ਰਿਪੋਰਟ 'ਚ ਕੀਤਾ ਗਿਆ ਖੁਲਾਸਾ

ਨਾਟੋ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਟਰੂਡੋ ਕੈਨੇਡਾ ਦੇ ਯੋਗਦਾਨ 'ਤੇ ਬੋਲਣਗੇ, ਜਿਸ ਵਿਚ ਓਪਰੇਸ਼ਨ ਰੀ-ਅਸ਼ੋਰੈਂਸ ਵੀ ਸ਼ਾਮਲ ਹੈ ਜੋ ਕੈਨੇਡਾ ਦੀ ਸਭ ਤੋਂ ਵੱਡੀ ਸਰਗਰਮ ਵਿਦੇਸ਼ੀ ਫੌਜੀ ਤਾਇਨਾਤੀ ਹੈ। ਨਾਲ ਹੀ ਟਰੂਡੋ ਯੂਰੋ-ਐਟਲਾਂਟਿਕ ਖੇਤਰ ਦੀ ਸੁਰੱਖਿਆ ਅਤੇ ਸਥਿਰਤਾ ਲਈ ਕੈਨੇਡਾ ਦੀ ਵਚਨਬੱਧਤਾ ਵੀ ਪ੍ਰਗਟ ਕਰਨਗੇ। ਰਿਪੋਰਟ ਵਿੱਚ ਕਿਹਾ ਗਿਆ, 'ਪਿਛਲੇ ਕਈ ਸਾਲਾਂ ਵਿੱਚ ਕੈਨੇਡਾ 32 ਮੈਂਬਰੀ ਗੱਠਜੋੜ ਵਿੱਚੋਂ ਅਲੱਗ-ਥਲੱਗ ਹੋ ਗਿਆ ਹੈ। ਇਹ ਘਰੇਲੂ ਫੌਜੀ ਖਰਚਿਆਂ ਦੇ ਟੀਚਿਆਂ ਨੂੰ ਪੂਰਾ ਕਰਨ ਵਿੱਚ ਅਸਫਲ ਰਿਹਾ ਹੈ ਅਤੇ ਨਾਲ ਹੀ ਨਵੇਂ ਉਪਕਰਨਾਂ ਨੂੰ ਫੰਡ ਦੇਣ ਲਈ ਨਿਰਧਾਰਤ ਮਾਪਦੰਡਾਂ ਤੋਂ ਵੀ ਘੱਟ ਹੈ। ਫਿਲਹਾਲ ਕੈਨੇਡਾ ਤੋਂ ਉਨ੍ਹਾਂ ਟੀਚਿਆਂ ਦੀ ਪ੍ਰਾਪਤੀ ਦੀ ਕੋਈ ਉਮੀਦ ਨਜ਼ਰ ਨਹੀਂ ਆਉਂਦੀ।

ਕੈਨੇਡਾ ਵਾਅਦੇ ਮੁਤਾਬਕ ਨਹੀਂ ਕਰ ਸਕਿਆ ਰੱਖਿਆ ਖਰਚ

ਅਮਰੀਕੀ ਮੀਡੀਆ ਰਿਪੋਰਟਾਂ ਅਨੁਸਾਰ ਕੈਨੇਡਾ, ਨਾਟੋ ਦੇ 12 ਸੰਸਥਾਪਕ ਮੈਂਬਰਾਂ ਵਿੱਚੋਂ ਇੱਕ, ਨੇ 2014 ਵਿੱਚ ਰੂਸ ਦੁਆਰਾ ਕ੍ਰੀਮੀਆ ਦੇ ਕਬਜ਼ੇ ਤੋਂ ਬਾਅਦ ਰੱਖਿਆ 'ਤੇ ਜੀਡੀਪੀ ਦਾ 2 ਪ੍ਰਤੀਸ਼ਤ ਖਰਚ ਕਰਨ ਦਾ ਵਾਅਦਾ ਕੀਤਾ ਸੀ। ਹਾਲਾਂਕਿ ਕੈਨੇਡਾ ਆਪਣੇ ਵਾਅਦੇ ਤੋਂ ਕਾਫੀ ਪਿੱਛੇ ਹੈ। ਹਾਲਾਂਕਿ ਨਾਟੋ ਦੇ 32 ਮੈਂਬਰ ਦੇਸ਼ਾਂ 'ਚੋਂ 23 ਦੇਸ਼ਾਂ ਨੇ ਰੱਖਿਆ ਖਰਚ ਲਈ ਮਿੱਥੇ ਟੀਚੇ ਹਾਸਲ ਕਰ ਲਏ ਹਨ। ਯੂਕ੍ਰੇਨ 'ਤੇ ਹਮਲੇ ਤੋਂ ਬਾਅਦ ਪੂਰਬੀ ਮੋਰਚੇ 'ਤੇ ਪੁਤਿਨ ਨੂੰ ਲੈ ਕੇ ਖਦਸ਼ਾ ਵਧਦਾ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਯੂਰਪੀ ਦੇਸ਼ ਆਪਣੇ ਰੱਖਿਆ ਖਰਚੇ ਵਧਾਉਣ ਵਿੱਚ ਲੱਗੇ ਹੋਏ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੈਨੇਡਾ 'ਤੇ ਨਾਟੋ ਸੰਮੇਲਨ ਦੌਰਾਨ ਆਪਣਾ ਵਾਅਦਾ ਪੂਰਾ ਕਰਨ ਲਈ ਦਬਾਅ ਪਾਇਆ ਜਾ ਸਕਦਾ ਹੈ। ਇਹ ਚਿੰਤਾ ਵੀ ਹੈ ਕਿ ਜੇਕਰ ਡੋਨਾਲਡ ਟਰੰਪ ਅਮਰੀਕੀ ਰਾਸ਼ਟਰਪਤੀ ਚੋਣ ਜਿੱਤ ਜਾਂਦੇ ਹਨ ਤਾਂ ਯੂਰਪ ਦੀਆਂ ਮੁਸ਼ਕਲਾਂ ਹੋਰ ਵਧ ਸਕਦੀਆਂ ਹਨ। ਇਹ ਦਾਅਵਾ ਇਕ ਚੋਟੀ ਦੇ ਅਮਰੀਕੀ ਅਧਿਕਾਰੀ ਦੇ ਹਵਾਲੇ ਨਾਲ ਮੀਡੀਆ ਰਿਪੋਰਟ 'ਚ ਕੀਤਾ ਗਿਆ ਹੈ। ਇਹ ਦੱਸਿਆ ਗਿਆ ਹੈ ਕਿ ਕੈਨੇਡੀਅਨ ਫੌਜ ਦੇ ਬਹੁਤ ਸਾਰੇ ਹਥਿਆਰ ਅਤੇ ਸਾਜ਼ੋ-ਸਾਮਾਨ ਅਣਉਪਲਬਧ ਅਤੇ ਵਰਤੋਂਯੋਗ ਨਹੀਂ ਹਨ। ਕੈਨੇਡਾ ਸਰਕਾਰ ਇਸ ਦਿਸ਼ਾ ਵਿੱਚ ਕੋਈ ਵਿਸ਼ੇਸ਼ ਉਪਰਾਲੇ ਨਹੀਂ ਕਰ ਰਹੀ ਹੈ।

ਕੈਨੇਡਾ ਅਗਲੇ 20 ਸਾਲਾਂ 'ਚ ਫੌਜ 'ਤੇ 73 ਬਿਲੀਅਨ ਡਾਲਰ ਕਰੇਗਾ ਖਰਚ

ਤੁਹਾਨੂੰ ਦੱਸ ਦੇਈਏ ਕਿ ਸਾਲ 2024 ਦੇ ਬਜਟ ਵਿੱਚ ਕੈਨੇਡਾ ਸਰਕਾਰ ਨੇ ਪੰਜ ਸਾਲਾਂ ਵਿੱਚ 8.1 ਬਿਲੀਅਨ ਅਮਰੀਕੀ ਡਾਲਰ ਰੱਖਿਆ ਖਰਚ ਅਤੇ 20 ਸਾਲਾਂ ਵਿੱਚ 73 ਬਿਲੀਅਨ ਅਮਰੀਕੀ ਡਾਲਰ ਖਰਚਣ ਦਾ ਐਲਾਨ ਕੀਤਾ ਹੈ। ਕੈਨੇਡਾ ਸਰਕਾਰ ਨੇ ਕੈਨੇਡਾ ਦੀ ਰੱਖਿਆ ਸਮਰੱਥਾ ਨੂੰ ਮਜ਼ਬੂਤ ਕਰਨ ਅਤੇ ਗਲੋਬਲ ਚੁਣੌਤੀਆਂ ਦਾ ਜਵਾਬ ਦੇਣ ਲਈ ਇਸ ਇਤਿਹਾਸਕ ਨਿਵੇਸ਼ ਦਾ ਐਲਾਨ ਕੀਤਾ ਹੈ। 2022 ਤੱਕ ਕੈਨੇਡਾ ਨੇ ਯੂਕ੍ਰੇਨ ਦੇ ਸਮਰਥਨ ਵਿੱਚ 19 ਬਿਲੀਅਨ ਅਮਰੀਕੀ ਡਾਲਰ ਤੋਂ ਵੱਧ ਆਰਥਿਕ ਸਹਾਇਤਾ ਲਈ ਵਚਨਬੱਧ ਕੀਤਾ ਹੈ। ਇਸ ਵਿੱਚ 4 ਬਿਲੀਅਨ ਅਮਰੀਕੀ ਡਾਲਰ ਦੀ ਫੌਜੀ ਸਹਾਇਤਾ ਸ਼ਾਮਲ ਹੈ।

## ਤੂਫਾਨ 'ਬੇਰੀਲ' ਨੇ 4 ਲੋਕਾਂ ਦੀ ਲਈ ਜਾਨ, 30 ਲੱਖ ਘਰਾਂ ਤੇ ਅਦਾਰਿਆਂ ਦੀ ਬਿਜਲੀ ਗੁੱਲ



ਅਮਰੀਕਾ ਦੇ ਟੈਕਸਾਸ ਸੂਬੇ ਵਿਚ ਸੋਮਵਾਰ ਸਵੇਰੇ ਤੜਕੇ ਆਏ ਸ਼ਕਤੀਸ਼ਾਲੀ ਤੂਫਾਨ 'ਬੇਰੀਲ' ਦੇ ਪ੍ਰਭਾਵ ਕਾਰਨ ਹੜ੍ਹ ਵਰਗੀ ਸਥਿਤੀ ਬਣੀ ਹੋਈ ਹੈ, ਜਿਸ ਕਾਰਨ ਘੱਟੋ-ਘੱਟ ਚਾਰ ਲੋਕਾਂ ਦੀ ਮੌਤ ਹੋ ਗਈ ਅਤੇ ਕਰੀਬ 30 ਲੱਖ ਘਰਾਂ ਅਤੇ ਵਪਾਰਕ ਅਦਾਰਿਆਂ ਦੀ ਬਿਜਲੀ ਗੁੱਲ ਹੋ ਗਈ ਹੈ। ਨੈਸ਼ਨਲ ਹਰੀਕੇਨ ਸੈਂਟਰ ਨੇ ਸੋਮਵਾਰ ਸ਼ਾਮ ਨੂੰ ਕਿਹਾ ਕਿ ਬੇਰੀਲ ਨੇ ਮਾਟਾਗੋਰਡਾ ਦੇ ਨੇੜੇ ਇੱਕ ਸ਼੍ਰੇਣੀ ਤੂਫਾਨ ਦੇ ਰੂਪ ਵਿੱਚ ਲੈਂਡਫਾਲ ਕੀਤਾ, ਜਿਸ ਨਾਲ ਸਕੂਲ, ਵਪਾਰਕ ਅਦਾਰੇ, ਦਫਤਰਾਂ ਅਤੇ ਵਿੱਤੀ ਸੰਸਥਾਵਾਂ ਨੂੰ ਬੰਦ ਕਰ ਦਿੱਤਾ ਗਿਆ। ਕੇਂਦਰ ਨੇ ਕਿਹਾ ਕਿ ਪੂਰਬੀ ਟੈਕਸਾਸ, ਪੱਛਮੀ ਲੁਈਸਿਆਨਾ ਅਤੇ ਅਰਕਾਨਸਾਸ ਦੇ ਕੁਝ ਹਿੱਸਿਆਂ ਵਿੱਚ ਹੜ੍ਹ, ਮੀਂਹ ਅਤੇ ਤੇਜ਼ ਗਰਜ ਦੀ ਸੰਭਾਵਨਾ ਹੈ। ਘਰਾਂ 'ਤੇ ਦਰੱਖਤ ਡਿੱਗਣ ਨਾਲ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਹਿਊਸਟਨ ਪੁਲਸ ਵਿਭਾਗ ਦੇ ਇੱਕ ਕਰਮਚਾਰੀ ਨੇ ਹੜ੍ਹ ਦੇ ਪਾਣੀ ਵਿੱਚ ਫਸ ਜਾਣ ਕਾਰਨ ਆਪਣੀ ਜਾਨ ਗੁਆ ਦਿੱਤੀ। ਅੱਗ ਲੱਗਣ ਦੀ ਘਟਨਾ ਵਿੱਚ ਇੱਕ ਹੋਰ ਵਿਅਕਤੀ ਦੀ ਮੌਤ ਹੋਣ ਦੀ ਸੂਚਨਾ ਹੈ। ਫਿਲਹਾਲ ਹੜ੍ਹ ਦਾ ਪਾਣੀ ਘਟਣਾ ਸ਼ੁਰੂ ਹੋ ਗਿਆ ਹੈ ਅਤੇ ਕਰਮਚਾਰੀਆਂ ਨੇ ਨੁਕਸਾਨ ਦਾ ਜਾਇਜ਼ਾ ਲੈਣਾ ਸ਼ੁਰੂ ਕਰ ਦਿੱਤਾ ਹੈ। ਅਧਿਕਾਰੀਆਂ ਨੇ ਸੋਮਵਾਰ ਰਾਤ ਨੂੰ ਸਥਾਨਕ ਲੋਕਾਂ ਨੂੰ ਫਿਲਹਾਲ ਘਰ ਵਿੱਚ ਰਹਿਣ ਦੀ ਅਪੀਲ ਕੀਤੀ ਹੈ। ਮੇਅਰ ਜੌਹਨ ਵਿਟਮਾਇਰ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ, "ਸਾਫ ਆਸਮਾਨ ਦੇਖ ਕੇ ਇਹ ਨਾ ਸੋਚੋ ਕਿ ਖ਼ਤਰਾ ਲੰਘ ਗਿਆ ਹੈ। ਉਸਨੇ ਕਿਹਾ, "ਹਾਲਾਤ ਅਜੇ ਵੀ ਖਤਰਨਾਕ ਹਨ।" ਫਿਲਹਾਲ ਕਿੰਨਾ ਨੁਕਸਾਨ ਹੋਇਆ ਹੈ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ।

## Samsung ਦੇ ਮੁਲਾਜ਼ਮਾਂ ਨੇ ਸ਼ੁਰੂ ਕੀਤੀ ਸਭ ਤੋਂ ਵੱਡੀ ਹੜਤਾਲ, ਖ਼ਤਰੇ 'ਚ ਚਿੱਪ ਉਤਪਾਦਨ




ਇਲੈਕਟ੍ਰੋਨਿਕਸ ਅਤੇ ਸਮਾਰਟਫੋਨ ਬਣਾਉਣ ਵਾਲੀ ਦੁਨੀਆ ਦੀ ਸਭ ਤੋਂ ਮਸ਼ਹੂਰ ਕੰਪਨੀਆਂ 'ਚੋਂ ਇਕ ਸੈਮਸੰਗ ਨੂੰ ਇਕ ਨਵੀਂ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੱਖਣੀ ਕੋਰੀਆ ਦੀ ਕੰਪਨੀ ਸੈਮਸੰਗ ਇਲੈਕਟ੍ਰਾਨਿਕਸ ਦੇ ਹਜ਼ਾਰਾਂ ਕਰਮਚਾਰੀ ਸੋਮਵਾਰ ਤੋਂ ਹੜਤਾਲ 'ਤੇ ਚਲੇ ਗਏ ਹਨ। ਸੈਮਸੰਗ ਦੇ ਇਤਿਹਾਸ ਵਿੱਚ ਕਰਮਚਾਰੀਆਂ ਦੀ ਇਹ ਸਭ ਤੋਂ ਵੱਡੀ ਹੜਤਾਲ ਹੈ।

55 ਸਾਲਾਂ ਦੇ ਇਤਿਹਾਸ ਦੀ ਸਭ ਤੋਂ ਵੱਡੀ ਹੜਤਾਲ

ਸੈਮਸੰਗ ਕਰਮਚਾਰੀ ਪਹਿਲਾਂ ਹੀ ਆਪਣੀਆਂ ਵੱਖ-ਵੱਖ ਮੰਗਾਂ ਨੂੰ ਲੈ ਕੇ ਹੜਤਾਲ 'ਤੇ ਜਾ ਚੁੱਕੇ ਹਨ। ਇਸ ਤੋਂ ਪਹਿਲਾਂ ਪਿਛਲੇ ਮਹੀਨੇ ਦੌਰਾਨ ਸੈਮਸੰਗ ਦੇ ਕਰਮਚਾਰੀ ਇੱਕ ਦਿਨ ਦੀ ਹੜਤਾਲ 'ਤੇ ਚਲੇ ਗਏ ਸਨ। ਮੰਗਾਂ ਨਾ ਮੰਨਣ ਤੋਂ ਬਾਅਦ ਮਾਮਲਾ ਅੱਗੇ ਵਧਿਆ ਹੈ ਅਤੇ ਹੁਣ ਉਹ ਮੁੜ ਹੜਤਾਲ 'ਤੇ ਚਲੇ ਗਏ ਹਨ। ਸੈਮਸੰਗ ਕਰਮਚਾਰੀਆਂ ਦੀ ਇਹ ਹੜਤਾਲ 3 ਦਿਨਾਂ ਲਈ ਹੈ। ਇਸ ਨੂੰ ਸੈਮਸੰਗ ਦੇ 55 ਸਾਲਾਂ ਦੇ ਇਤਿਹਾਸ 'ਚ ਸਭ ਤੋਂ ਵੱਡੀ ਹੜਤਾਲ ਦੱਸਿਆ ਜਾ ਰਿਹਾ ਹੈ।

ਬਲੂਮਬਰਗ ਦੀ ਇਕ ਰਿਪੋਰਟ ਮੁਤਾਬਕ ਕਰਮਚਾਰੀਆਂ ਦੀ ਇਸ ਹੜਤਾਲ ਦਾ ਸੈਮਸੰਗ ਦੇ ਸੈਮੀਕੰਡਕਟਰ (ਚਿੱਪ) ਉਤਪਾਦਨ 'ਤੇ ਅਸਰ ਪੈ ਸਕਦਾ ਹੈ। ਰਿਪੋਰਟ ਵਿੱਚ ਕਰਮਚਾਰੀ ਯੂਨੀਅਨ ਦੇ ਇੱਕ ਨੇਤਾ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਕਰਮਚਾਰੀ ਕੰਪਨੀ ਦੀ ਸਭ ਤੋਂ ਉੱਨਤ ਚਿੱਪ ਸੁਵਿਧਾਵਾਂ ਵਿੱਚੋਂ ਇੱਕ 'ਤੇ ਉਤਪਾਦਨ ਵਿੱਚ ਵਿਘਨ ਪਾ ਕੇ ਆਪਣਾ ਸੰਦੇਸ਼ ਸਪੱਸ਼ਟ ਕਰਨਾ ਚਾਹੁੰਦੇ ਹਨ।

ਸੈਮਸੰਗ ਦੀ ਚਿੱਪ ਦਾ ਉਤਪਾਦਨ ਹੋਵੇਗਾ ਪ੍ਰਭਾਵਿਤ

ਯੂਨੀਅਨ ਦਾ ਟੀਚਾ ਹਵੇਸੋਂਗ ਵਿੱਚ ਸੈਮਸੰਗ ਦੇ ਸੈਮੀਕੰਡਕਟਰ ਪਲਾਂਟ ਦੇ ਬਾਹਰ 5,000 ਲੋਕਾਂ ਨੂੰ ਇਕੱਠਾ ਕਰਨਾ ਹੈ। ਹਾਲਾਂਕਿ ਅਜੇ ਤੱਕ ਇਹ ਸਪੱਸ਼ਟ ਨਹੀਂ ਹੈ ਕਿ ਸੈਮਸੰਗ ਕਰਮਚਾਰੀ ਸੰਘ ਦੀ ਅਪੀਲ 'ਤੇ ਕਿੰਨੇ ਕਰਮਚਾਰੀ ਕੰਮ ਛੱਡਣ ਜਾ ਰਹੇ ਹਨ। ਹਾਲਾਂਕਿ ਇਸ ਤੋਂ ਬਾਅਦ ਵੀ ਇਹ ਲਗਭਗ ਤੈਅ ਹੈ ਕਿ ਸੈਮਸੰਗ ਦੀ ਚਿੱਪ ਪ੍ਰੋਡਕਸ਼ਨ ਅੱਜ ਤੋਂ ਸ਼ੁਰੂ ਹੋਈ ਤਿੰਨ ਦਿਨਾਂ ਹੜਤਾਲ ਦਾ ਪ੍ਰਭਾਵਿਤ ਹੋਣਾ ਹੈ।

ਇਨ੍ਹਾਂ ਕਾਰਨਾਂ ਕਰਕੇ ਨਾਰਾਜ਼ ਹਨ ਸੈਮਸੰਗ ਦੇ ਕਰਮਚਾਰੀ

ਦਰਅਸਲ, ਸੈਮਸੰਗ ਕਰਮਚਾਰੀ ਤਨਖਾਹ ਅਤੇ ਛੁੱਟੀ ਨੂੰ ਲੈ ਕੇ ਅਸੰਤੁਸ਼ਟ ਹਨ। ਲੇਬਰ ਯੂਨੀਅਨ ਨੈਸ਼ਨਲ ਸੈਮਸੰਗ ਇਲੈਕਟ੍ਰੋਨਿਕਸ ਯੂਨੀਅਨ, ਜਿਸ ਵਿੱਚ 28 ਹਜ਼ਾਰ ਤੋਂ ਵੱਧ ਮੁਲਾਜ਼ਮਾਂ ਦੀ ਮੈਂਬਰਸ਼ਿਪ ਹੈ, ਦਾ ਕਹਿਣਾ ਹੈ ਕਿ ਤਨਖ਼ਾਹ ਸਕੇਲ ਸਬੰਧੀ ਗੱਲਬਾਤ ਵਿੱਚ ਕੋਈ ਹੱਲ ਨਾ ਹੋਣ ਕਾਰਨ ਮਾਮਲਾ ਅੱਗੇ ਵਧ ਰਿਹਾ ਹੈ। ਪਿਛਲੇ ਸਾਲ, ਚਿੱਪ ਯੂਨਿਟ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਚਿੱਪ ਕਾਰੋਬਾਰ ਵਿੱਚ ਘਾਟੇ ਦਾ ਹਵਾਲਾ ਦਿੰਦੇ ਹੋਏ ਬੋਨਸ ਦਾ ਭੁਗਤਾਨ ਨਹੀਂ ਕੀਤਾ ਗਿਆ ਸੀ। ਕੰਪਨੀ ਅਤੇ ਕਰਮਚਾਰੀਆਂ ਵਿਚਾਲੇ ਵਿਵਾਦ ਵਧਾਉਣ 'ਚ ਇਹ ਵੀ ਅਹਿਮ ਮੁੱਦਾ ਹੈ।

# ਅਰੁਣਾਚਲ ਪ੍ਰਦੇਸ਼ ਦੇ ਮਸ਼ਹੂਰ ਮੰਦਰ |

ਲੋਹਿਤ ਜ਼ਿਲੇ ਦੇ ਗਲੇ ਵਿੱਚ ਸਥਿਤ, ਪਰਸ਼ੂਰਾਮ ਕੁੰਡ ਮੰਦਰ ਹਿੰਦੂ ਵਿਸ਼ਵਾਸ ਅਤੇ ਇਸਦੀ ਕਥਾਵਾਂ ਦੇ ਗੁੰਝਲਦਾਰ ਮਿਸ਼ਰਣ ਦੇ ਪ੍ਰਮਾਣ ਵਜੋਂ ਖੜ੍ਹਾ ਹੈ। ਲੋਹਿਤ ਨਦੀ ਦੇ ਹੇਠਲੇ ਹਿੱਸੇ ਵਿੱਚ ਸਥਿਤ ਇੱਕ ਤੀਰਥ ਸਥਾਨ ਵਜੋਂ ਸਤਿਕਾਰਿਆ ਜਾਂਦਾ ਹੈ, ਇਹ ਅਰੁਣਾਚਲ ਪ੍ਰਦੇਸ਼ ਦੇ ਪ੍ਰਸਿੱਧ ਮੰਦਰਾਂ ਵਿੱਚੋਂ ਇੱਕ ਹੈ। ਇਸ ਦਾ ਨਾਮ ਭਗਵਾਨ ਪਰਸ਼ੂਰਾਮ ਦੇ ਮਿਥਿਹਾਸਕ ਕਿਰਿਆ ਤੋਂ ਉਤਪੰਨ ਹੋਇਆ ਹੈ, ਜਿਸ ਨੇ ਆਪਣੇ ਪਾਪਾਂ ਤੋਂ ਆਪਣੇ ਆਪ ਨੂੰ ਸਾਫ਼ ਕਰਦੇ ਹੋਏ, ਇਹਨਾਂ ਪਾਣੀਆਂ ਵਿੱਚ ਸ਼ਾਂਤੀ ਦੀ ਮੰਗ ਕੀਤੀ ਸੀ। ਪਰ ਕਥਾ ਇੱਥੇ ਨਹੀਂ ਰੁਕਦੀ; ਇਹ ਘੁਸਪੈਠ ਕੀਤੀ ਜਾਂਦੀ ਹੈ ਕਿ ਪਰਸ਼ੂਰਾਮ ਕੁੰਡ ਦੇ ਪਵਿੱਤਰ ਪਾਣੀ ਨੇ ਭਗਵਾਨ ਕ੍ਰਿਸ਼ਨ ਅਤੇ ਰੁਕਮਣੀ ਦੇ ਵਿਆਹ ਨੂੰ ਦੇਖਿਆ ਸੀ, ਅਤੇ ਮਹਾਂਰਿਸ਼ੀ ਵਿਆਸ ਦੇ ਧਿਆਨ ਨੂੰ ਵੀ ਦੇਖਿਆ ਸੀ। ਹਰ ਸਾਲ, ਹਜ਼ਾਰਾਂ ਸ਼ਰਧਾਲੂ ਰੂਹਾਂ ਇਸ ਪਵਿੱਤਰ ਸਥਾਨ ਦੀ ਯਾਤਰਾ ਕਰਦੀਆਂ ਹਨ, ਇੱਥੋਂ ਤੱਕ ਕਿ ਸਰਹੱਦਾਂ ਦੇ ਪਾਰ ਫੈਲੀਆਂ, ਨੇਪਾਲ ਤੋਂ ਸ਼ਰਧਾਲੂਆਂ ਨੂੰ ਖਿੱਚਦੀਆਂ ਹਨ। ਹਾਲਾਂਕਿ, ਇਹ ਮਕਰ ਸੰਕ੍ਰਾਂਤੀ ਤਿਉਹਾਰ ਦੇ ਦੌਰਾਨ ਹੈ ਕਿ ਮੰਦਰ ਸੱਚਮੁੱਚ ਜ਼ਿੰਦਾ ਹੋ ਜਾਂਦਾ ਹੈ। ਇਸ ਮੌਕੇ 'ਤੇ, ਜਿਵੇਂ ਹੀ ਸੂਰਜ ਮਕਰ ਰਾਸ਼ੀ ਨੂੰ ਗ੍ਰਹਿਣ ਕਰਦਾ ਹੈ, 70,000 ਤੋਂ ਵੱਧ ਸ਼ਰਧਾਲੂ ਲੋਕ ਇਕੱਠੇ ਹੁੰਦੇ ਹਨ, ਆਪਣੇ ਆਪ ਨੂੰ ਸ਼ੁੱਧ ਕਰਨ ਵਾਲੇ ਪਾਣੀਆਂ ਵਿੱਚ ਲੀਨ ਕਰਦੇ ਹਨ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਪਵਿੱਤਰ ਇਸ਼ਨਾਨ ਨਾ ਸਿਰਫ਼ ਸਰੀਰ ਦੀ ਮੈਲ ਨੂੰ ਦੂਰ ਕਰਦਾ ਹੈ, ਸਗੋਂ ਆਤਮਾ ਦੀਆਂ ਅਸ਼ੁੱਧੀਆਂ ਨੂੰ ਧੋ ਦਿੰਦਾ ਹੈ, ਜਿਸ ਨਾਲ ਸ਼ਰਧਾਲੂ ਰੂਹਾਨੀ ਤੌਰ 'ਤੇ ਮੁੜ ਸੁਰਜੀਤ ਹੁੰਦੇ ਹਨ।



ਪੱਛਮੀ ਸਿਆਂਗ ਜ਼ਿਲ੍ਹੇ ਦੇ ਸੁੰਦਰ ਗਲੇ ਵਿੱਚ ਸਥਿਤ, ਆਕਾਸ਼ਗੰਗਾ ਮੰਦਿਰ ਸ਼ਰਧਾ ਅਤੇ ਪ੍ਰਾਚੀਨ ਕਹਾਣੀਆਂ ਨਾਲ ਚਮਕਦਾ ਹੈ। ਦੇਵੀ ਦੁਰਗਾ ਨੂੰ ਸਮਰਪਿਤ, ਇਹ ਮੰਦਰ ਬ੍ਰਹਮ ਦੀਆਂ ਗੂੰਜਾਂ ਅਤੇ ਪੁਰਾਣੇ ਸਮਿਆਂ ਦੀਆਂ ਕਹਾਣੀਆਂ ਨਾਲ ਗੂੰਜਦਾ ਹੈ। ਇੱਥੇ, ਅਰੁਣਾਚਲ ਪ੍ਰਦੇਸ਼ ਮੰਦਰ ਦੀ ਆਰਕੀਟੈਕਚਰ, ਓਡੀਸ਼ਾ ਸ਼ੈਲੀ ਦੀ ਯਾਦ ਦਿਵਾਉਂਦੀ ਹੈ, ਇਸ ਧਰਤੀ ਦੀ ਕਲਾਤਮਕਤਾ ਦਾ ਪ੍ਰਮਾਣ ਹੈ। ਪਰ ਲੁਭਾਉਣਾ ਸਿਰਫ਼ ਇਸਦੀ ਬਣਤਰ ਵਿੱਚ ਹੀ ਨਹੀਂ ਹੈ। ਇਸ ਮੰਦਰ ਨਾਲ ਜੁੜੀਆਂ ਕਥਾਵਾਂ ਮਨਮੋਹਕ ਹਨ। ਕਿਹਾ ਜਾਂਦਾ ਹੈ ਕਿ ਜਦੋਂ ਭਗਵਾਨ ਸ਼ਿਵ ਆਪਣੀ ਪਤਨੀ ਸਤੀ ਦੇ ਦੇਹਾਂਤ 'ਤੇ ਦੁਖੀ ਹੋਏ ਤਾਂ ਭਗਵਾਨ ਵਿਸ਼ਨੂੰ ਨੇ ਦਖਲ ਦਿੱਤਾ। ਆਕਾਸ਼ੀ ਸੁਦਰਸ਼ਨ ਚੱਕਰ, ਵਿਸ਼ਨੂੰ ਦੇ ਪ੍ਰਤੀਕ, ਨੇ ਸ਼ਿਵ ਨੂੰ ਉਸਦੇ ਲਗਾਵ ਤੋਂ ਮੁਕਤ ਕਰਨ ਲਈ ਉਸਦੇ ਧਰਤੀ ਦੇ ਰੂਪ ਨੂੰ ਟੁਕੜਿਆਂ ਵਿੱਚ ਵੰਡ ਦਿੱਤਾ। ਮੰਨਿਆ ਜਾਂਦਾ ਹੈ ਕਿ ਅਜਿਹਾ ਹੀ ਇਕ ਟੁਕੜਾ ਉਸੇ ਥਾਂ 'ਤੇ ਡਿੱਗਿਆ ਸੀ ਜਿੱਥੇ ਮੰਦਰ ਖੜ੍ਹਾ ਹੈ, ਜਿਸ ਨੂੰ ਹੁਣ ਆਕਾਸ਼ਗੰਗਾ ਕਿਹਾ ਜਾਂਦਾ ਹੈ। ਰਹੱਸ ਨੂੰ ਜੋੜਨਾ ਇੱਕ ਚਮਕਦਾਰ ਵਰਤਾਰਾ ਹੈ ਜੋ ਦੂਰੋਂ ਸ਼ਰਧਾਲੂਆਂ ਨੂੰ ਇਸ਼ਾਰਾ ਕਰਦਾ ਹੈ। ਦੂਰੀ ਵਿੱਚ ਇੱਕ ਚਮਕਦਾਰ ਵਸਤੂ, ਜਿਵੇਂ ਹੀ ਇੱਕ ਦੇ ਨੇੜੇ ਆਉਂਦੀ ਹੈ, ਅਲੋਪ ਹੋ ਜਾਂਦੀ ਹੈ, ਉਤਸੁਕਤਾ ਅਤੇ ਸ਼ਰਧਾ ਨੂੰ ਜਗਾਉਂਦੀ ਹੈ। ਇਸ ਤੋਂ ਇਲਾਵਾ, ਮੰਦਰ ਦੇ ਨਾਲ ਲੱਗਦੇ ਇੱਕ ਪਵਿੱਤਰ ਤਲਾਬ ਨੂੰ ਚੰਗਾ ਕਰਨ ਦੀ ਸ਼ਕਤੀ ਰੱਖਣ ਲਈ ਕਿਹਾ ਜਾਂਦਾ ਹੈ, ਜੋ ਬੀਮਾਰਾਂ ਲਈ ਇੱਕ ਟੌਨਿਕ ਹੈ। ਮਿਥਿਹਾਸ ਅਤੇ ਚਮਤਕਾਰਾਂ ਦਾ ਇਹ ਮੇਲ-ਜੋਲ ਇੱਕ ਅਜਿਹਾ ਜਾਦੂ ਕਰਦਾ ਹੈ ਜੋ ਦੁਨੀਆ ਭਰ ਦੇ ਸ਼ਰਧਾਲੂਆਂ ਨੂੰ ਆਕਰਸ਼ਿਤ ਕਰਦਾ ਹੈ।



ਪੱਛਮੀ ਸਿਆਂਗ ਜ਼ਿਲ੍ਹੇ ਦੇ ਸੁੰਦਰ ਗਲੇ ਵਿੱਚ ਸਥਿਤ, ਆਕਾਸ਼ਗੰਗਾ ਮੰਦਿਰ ਸ਼ਰਧਾ ਅਤੇ ਪ੍ਰਾਚੀਨ ਕਹਾਣੀਆਂ ਨਾਲ ਚਮਕਦਾ ਹੈ। ਦੇਵੀ ਦੁਰਗਾ ਨੂੰ ਸਮਰਪਿਤ, ਇਹ ਮੰਦਰ ਬ੍ਰਹਮ ਦੀਆਂ ਗੂੰਜਾਂ ਅਤੇ ਪੁਰਾਣੇ ਸਮਿਆਂ ਦੀਆਂ ਕਹਾਣੀਆਂ ਨਾਲ ਗੂੰਜਦਾ ਹੈ। ਇੱਥੇ, ਅਰੁਣਾਚਲ ਪ੍ਰਦੇਸ਼ ਮੰਦਰ ਦੀ ਆਰਕੀਟੈਕਚਰ, ਓਡੀਸ਼ਾ ਸ਼ੈਲੀ ਦੀ ਯਾਦ ਦਿਵਾਉਂਦੀ ਹੈ, ਇਸ ਧਰਤੀ ਦੀ ਕਲਾਤਮਕਤਾ ਦਾ ਪ੍ਰਮਾਣ ਹੈ। ਪਰ ਲੁਭਾਉਣਾ ਸਿਰਫ਼ ਇਸਦੀ ਬਣਤਰ ਵਿੱਚ ਹੀ ਨਹੀਂ ਹੈ। ਇਸ ਮੰਦਰ ਨਾਲ ਜੁੜੀਆਂ ਕਥਾਵਾਂ ਮਨਮੋਹਕ ਹਨ। ਕਿਹਾ ਜਾਂਦਾ ਹੈ ਕਿ ਜਦੋਂ ਭਗਵਾਨ ਸ਼ਿਵ ਆਪਣੀ ਪਤਨੀ ਸਤੀ ਦੇ ਦੇਹਾਂਤ 'ਤੇ ਦੁਖੀ ਹੋਏ ਤਾਂ ਭਗਵਾਨ ਵਿਸ਼ਨੂੰ ਨੇ ਦਖਲ ਦਿੱਤਾ। ਆਕਾਸ਼ੀ ਸੁਦਰਸ਼ਨ ਚੱਕਰ, ਵਿਸ਼ਨੂੰ ਦੇ ਪ੍ਰਤੀਕ, ਨੇ ਸ਼ਿਵ ਨੂੰ ਉਸਦੇ ਲਗਾਵ ਤੋਂ ਮੁਕਤ ਕਰਨ ਲਈ ਉਸਦੇ ਧਰਤੀ ਦੇ ਰੂਪ ਨੂੰ ਟੁਕੜਿਆਂ ਵਿੱਚ ਵੰਡ ਦਿੱਤਾ। ਮੰਨਿਆ ਜਾਂਦਾ ਹੈ ਕਿ ਅਜਿਹਾ ਹੀ ਇਕ ਟੁਕੜਾ ਉਸੇ ਥਾਂ 'ਤੇ ਡਿੱਗਿਆ ਸੀ ਜਿੱਥੇ ਮੰਦਰ ਖੜ੍ਹਾ ਹੈ, ਜਿਸ ਨੂੰ ਹੁਣ ਆਕਾਸ਼ਗੰਗਾ ਕਿਹਾ ਜਾਂਦਾ ਹੈ। ਰਹੱਸ ਨੂੰ ਜੋੜਨਾ ਇੱਕ ਚਮਕਦਾਰ ਵਰਤਾਰਾ ਹੈ ਜੋ ਦੂਰੋਂ ਸ਼ਰਧਾਲੂਆਂ ਨੂੰ ਇਸ਼ਾਰਾ ਕਰਦਾ ਹੈ। ਦੂਰੀ ਵਿੱਚ ਇੱਕ ਚਮਕਦਾਰ ਵਸਤੂ, ਜਿਵੇਂ ਹੀ ਇੱਕ ਦੇ ਨੇੜੇ ਆਉਂਦੀ ਹੈ, ਅਲੋਪ ਹੋ ਜਾਂਦੀ ਹੈ, ਉਤਸੁਕਤਾ ਅਤੇ ਸ਼ਰਧਾ ਨੂੰ ਜਗਾਉਂਦੀ ਹੈ। ਇਸ ਤੋਂ ਇਲਾਵਾ, ਮੰਦਰ ਦੇ ਨਾਲ ਲੱਗਦੇ ਇੱਕ ਪਵਿੱਤਰ ਤਲਾਬ ਨੂੰ ਚੰਗਾ ਕਰਨ ਦੀ ਸ਼ਕਤੀ ਰੱਖਣ ਲਈ ਕਿਹਾ ਜਾਂਦਾ ਹੈ, ਜੋ ਬੀਮਾਰਾਂ ਲਈ ਇੱਕ ਟੌਨਿਕ ਹੈ। ਮਿਥਿਹਾਸ ਅਤੇ ਚਮਤਕਾਰਾਂ ਦਾ ਇਹ ਮੇਲ-ਜੋਲ ਇੱਕ ਅਜਿਹਾ ਜਾਦੂ ਕਰਦਾ ਹੈ ਜੋ ਦੁਨੀਆ ਭਰ ਦੇ ਸ਼ਰਧਾਲੂਆਂ ਨੂੰ ਆਕਰਸ਼ਿਤ ਕਰਦਾ ਹੈ।

ਕੁਦਰਤ ਦੀਆਂ ਬਾਹਾਂ ਦੁਆਰਾ ਗਲੇ ਲੱਗ ਕੇ, ਮੇਘਨਾ ਗੁਫਾ ਮੰਦਰ ਅਧਿਆਤਮਿਕਤਾ ਦੀ ਇੱਕ ਸੁੰਦਰ ਤਸਵੀਰ ਪੇਂਟ ਕਰਦਾ ਹੈ। ਇਸ ਦੇ ਚੈਂਬਰਾਂ ਦੇ ਅੰਦਰ, ਸੰਸਕ੍ਰਿਤ ਦੇ ਗ੍ਰੰਥ ਸਾਹ ਲੈਣ ਵਾਲੇ ਆਰਕੀਟੈਕਚਰ ਨੂੰ ਮਿਲਦੇ ਹਨ, ਜਿਸ ਨਾਲ ਪੂਜਾ ਕਰਨ ਵਾਲਿਆਂ ਅਤੇ ਭਟਕਣ ਵਾਲਿਆਂ ਲਈ ਇੱਕ ਆਸਰਾ ਬਣਦੇ ਹਨ। ਤੇਜ਼ ਨਦੀ ਦੀ ਧੁਨ ਅਤੇ ਇਸਦੀ ਪਿਛੋਕੜ ਵਜੋਂ ਸੰਘਣੇ ਸਦਾਬਹਾਰ ਜੰਗਲਾਂ ਦੇ ਨਾਲ, ਮੰਦਰ ਸ਼ਾਂਤੀ ਅਤੇ ਪਵਿੱਤਰਤਾ ਦੀ ਪੇਸ਼ਕਸ਼ ਕਰਦਾ ਹੈ। ਮਹਾਂ ਸ਼ਿਵਰਾਤਰੀ ਦੇ ਦੌਰਾਨ ਜਦੋਂ ਸ਼ਰਧਾਲੂ ਸ਼ਰਧਾਂਜਲੀ ਭੇਟ ਕਰਨ ਲਈ ਇਕੱਠੇ ਹੁੰਦੇ ਹਨ ਤਾਂ ਤੀਰਥ ਯਾਤਰਾ ਆਪਣੀ ਚਰਮ-ਚਿੱਤਰ ਲੱਭਦੀ ਹੈ। ਇਸ ਸ਼ਾਂਤ ਘਾਟੀ ਦੇ ਗਲੇ ਵਿੱਚ, ਮੇਘਨਾ ਗੁਫਾ ਮੰਦਰ ਆਰਕੀਟੈਕਚਰ, ਕੁਦਰਤ ਅਤੇ ਸ਼ਰਧਾ ਨੂੰ ਬ੍ਰਹਮ ਦੀ ਇੱਕ ਮਹਾਨ ਰਚਨਾ ਵਿੱਚ ਮਿਲਾਉਂਦਾ ਹੈ।



ਤਵਾਂਗ ਦੀਆਂ ਉੱਚੀਆਂ ਉਚਾਈਆਂ ਦੇ ਵਿਚਕਾਰ ਸਥਿਤ, ਅਰੁਣਾਚਲ ਪ੍ਰਦੇਸ਼ ਵਿੱਚ ਤਵਾਂਗ ਮੱਠ ਸਿਰਫ਼ ਇੱਕ ਅਧਿਆਤਮਿਕ ਨਿਵਾਸ ਨਹੀਂ ਹੈ, ਸਗੋਂ ਇੱਕ ਆਰਕੀਟੈਕਚਰਲ ਅਜੂਬਾ ਹੈ ਜੋ ਸਵਰਗ ਨੂੰ ਗਲੇ ਲਗਾ ਲੈਂਦਾ ਹੈ। ਸ਼ਾਨਦਾਰ ਅਤੇ ਵਿਸ਼ਾਲ, ਇਹ ਵਿਸ਼ਵ ਪੱਧਰ 'ਤੇ ਦੂਜੇ ਸਭ ਤੋਂ ਵੱਡੇ ਮੱਠ ਦੇ ਸਿਰਲੇਖ ਦਾ ਦਾਅਵਾ ਕਰਦਾ ਹੈ, ਜੋ ਕਿ ਬੁੱਧ ਧਰਮ ਦੇ ਮਹਾਯਾਨ ਸੰਪਰਦਾ ਨੂੰ ਇੱਕ ਸ਼ਾਨਦਾਰ ਸ਼ਰਧਾਂਜਲੀ ਹੈ। ਮੇਰਕ ਲਾਮਾ ਲੋਦਰੇ ਗਯਾਤਸੋ ਦੁਆਰਾ 1680-81 ਵਿੱਚ ਸਥਾਪਿਤ, ਇਹ ਮੱਠ ਪੰਜਵੇਂ ਦਲਾਈ ਲਾਮਾ, ਲਾਮਾ ਨਗਾਵਾਂਗ ਲੋਬਸਾਂਗ ਗਯਾਤਸੋ ਦੀ ਮਾਰਗਦਰਸ਼ਕ ਇੱਛਾਵਾਂ ਦੇ ਤਹਿਤ ਸਾਕਾਰ ਹੋਇਆ ਸੀ। ਮੱਠ, ਜਿਸ ਨੂੰ ਤਿੱਬਤੀਆਂ ਦੁਆਰਾ ਅਕਸਰ ਗੈਲਡੇਨ ਨਾਮਗੇ ਲਹਤਸੇ ਕਿਹਾ ਜਾਂਦਾ ਹੈ, ਤਿੰਨ ਮੰਜ਼ਿਲਾਂ ਅਤੇ 925 ਫੁੱਟ ਫੈਲੀ ਇੱਕ ਕੰਪਾਊਂਡ ਦੀਵਾਰ ਨਾਲ ਉੱਚਾ ਹੈ। ਇਸ ਦੇ ਅਦਭੁਤ ਢਾਂਚੇ ਤੋਂ ਪਰੇ, ਮੱਠ ਕੰਗਯੁਰ ਅਤੇ ਟੇਂਗਯੁਰ ਵਰਗੇ ਪਵਿੱਤਰ ਗ੍ਰੰਥਾਂ ਨੂੰ ਪਾਲਦਾ ਹੈ, ਅਤੇ ਇਸਦੇ ਦਿਲ ਵਿੱਚ, ਭਗਵਾਨ ਬੁੱਧ ਦੀ ਇੱਕ ਸ਼ਾਨਦਾਰ 9.3 ਮੀਟਰ ਉੱਚੀ ਸੁਨਹਿਰੀ ਮੂਰਤੀ ਹੈ। ਇਸਦੇ ਸ਼ਾਂਤ ਚੈਂਬਰਾਂ ਤੋਂ ਲੈ ਕੇ ਇਸਦੇ ਸ਼ਾਨਦਾਰ ਦ੍ਰਿਸ਼ਾਂ ਤੱਕ, ਤਵਾਂਗ ਮੱਠ ਧਰਤੀ ਦੀਆਂ ਸੀਮਾਵਾਂ ਤੋਂ ਪਾਰ ਹੈ, ਸ਼ਰਧਾਲੂਆਂ ਨੂੰ ਸਵਰਗ ਦੀ ਪਿੱਠਭੂਮੀ ਦੇ ਵਿਰੁੱਧ ਬ੍ਰਹਮ ਦੀ ਝਲਕ ਪੇਸ਼ ਕਰਦਾ ਹੈ।




ਤਵਾਂਗ ਤੋਂ 5 ਕਿਲੋਮੀਟਰ ਦੱਖਣ ਵਿੱਚ ਉਰਗੇਲਿੰਗ ਮੱਠ ਸਥਿਤ ਹੈ, ਜੋ ਅਧਿਆਤਮਿਕ ਪ੍ਰਕਾਸ਼ ਅਤੇ ਇਤਿਹਾਸਕ ਮਹੱਤਤਾ ਦਾ ਜਨਮ ਸਥਾਨ ਹੈ। ਹਿਮਾਲਿਆ ਅਤੇ ਤਵਾਂਗ-ਚੂ ਘਾਟੀ ਨੂੰ ਦੇਖਦੇ ਹੋਏ, ਇਸ ਮੱਠ ਦੀ ਆਭਾ 15ਵੀਂ ਸਦੀ ਅਤੇ ਇਸ ਦੀਆਂ ਜੜ੍ਹਾਂ ਬੀਜਣ ਵਾਲੇ ਸਤਿਕਾਰਯੋਗ ਉਰਗੇਨ ਸਾਂਗਪੋ ਨੂੰ ਸ਼ਰਧਾਂਜਲੀ ਹੈ। ਫਿਰ ਵੀ, ਸਾਲ 1683 ਈਸਵੀ ਨੇ ਉਰਗੇਲਿੰਗ ਮੱਠ ਨੂੰ ਪਵਿੱਤਰਤਾ ਵਿੱਚ ਢੱਕ ਦਿੱਤਾ, ਜਦੋਂ ਇਸਨੇ ਛੇਵੇਂ ਦਲਾਈ ਲਾਮਾ, ਨਗਾਵਾਂਗ ਗਯਾਮਤਸੋ ਦੇ ਜਨਮ ਦਾ ਸਵਾਗਤ ਕੀਤਾ। 1699 ਵਿੱਚ ਦੇਸੀ ਸੰਗੀਏ ਗਯਾਮਤਸੋ ਦੁਆਰਾ ਵਿਸਤ੍ਰਿਤ ਅਤੇ ਪ੍ਰਫੁੱਲਤ ਕੀਤਾ ਗਿਆ, ਅਰੁਣਾਚਲ ਪ੍ਰਦੇਸ਼ ਵਿੱਚ ਇਹ ਬੋਧੀ ਮੰਦਿਰ ਸ਼ਾਨਦਾਰ ਬਣਤਰਾਂ, ਇੱਕ ਦੋਹਰੀ ਮੰਜ਼ਿਲ ਵਾਲਾ ਇੱਕ ਮੁੱਖ ਮੰਦਰ, ਅੱਠ ਥੰਮਾਂ ਵਾਲਾ ਇੱਕ ਅਸੈਂਬਲੀ ਹਾਲ, ਅਤੇ ਸਦੀਆਂ ਤੋਂ ਗੂੰਜਣ ਵਾਲੇ ਸ਼ਰਧਾ ਦੇ ਨਾਜ਼ੁਕ ਧੁਨਾਂ ਨਾਲ ਵਧਿਆ ਹੋਇਆ ਹੈ।



ਉੱਚੇ ਪਹਾੜਾਂ ਦੇ ਗਲੇ ਵਿੱਚ ਘਿਰਿਆ, ਟਕਸਾਂਗ ਗੋਮਪਾ, ਜਿਸ ਨੂੰ ਟੀ-ਗੋਂਪਾ ਵੀ ਕਿਹਾ ਜਾਂਦਾ ਹੈ, ਤਵਾਂਗ ਤੋਂ 50 ਕਿਲੋਮੀਟਰ ਦੀ ਦੂਰੀ 'ਤੇ, ਕੱਚੇ ਖੇਤਰ ਦੇ ਵਿਚਕਾਰ ਇੱਕ ਪਵਿੱਤਰ ਅਸਥਾਨ ਵਜੋਂ ਉੱਭਰਦਾ ਹੈ। ਇੱਥੇ, ਪਦਮਸੰਭਵ ਦੀ ਵਿਰਾਸਤ ਦਾਲ. ਤਿੱਬਤ ਵਿੱਚ ਬੁੱਧ ਧਰਮ ਲਿਆਉਣ ਦਾ ਸਿਹਰਾ, ਇਸ ਮਹਾਨ ਮਿਸ਼ਨਰੀ ਨੇ ਅਧਿਆਤਮਿਕਤਾ ਅਤੇ ਕਥਾ ਵਿੱਚ ਆਪਣੀ ਛਾਪ ਛੱਡੀ। ਨਾਲ ਲੱਗਦੀ ਗੁਫਾ ਦੇ ਚੱਟਾਨ ਫ਼ਰਸ਼ 'ਤੇ ਉਸਦੇ ਪੈਰਾਂ ਦੇ ਨਿਸ਼ਾਨ ਉਸਦੇ ਧਿਆਨ ਦੀ ਗੱਲ ਕਰਦੇ ਹਨ, ਜਦੋਂ ਕਿ ਟਾਈਗਰ ਦੀ ਡੇਨ ਜਿਸ 'ਤੇ ਉਹ ਉੱਡਿਆ ਸੀ, 'ਟਕ' (ਟਾਈਗਰ) ਅਤੇ ਟਸੰਗ' (ਨਿਵਾਸ) ਦੇ ਰੂਪ ਵਿੱਚ ਛਾਪਿਆ ਗਿਆ ਸੀ, ਉਸ ਦੀ ਯਾਦ ਨੂੰ ਲੈਂਡਸਕੇਪ ਦੇ ਹਰ ਦਰਾੜ ਵਿੱਚ ਉੱਕਰਦਾ ਹੈ। ਅਰੁਣਾਚਲ ਦੇ ਉੱਚੇ ਖੇਤਰਾਂ ਵਿੱਚ, ਜਿੱਥੇ ਮਿਥਿਹਾਸ ਚਮਤਕਾਰਾਂ ਨਾਲ ਮੇਲ ਖਾਂਦਾ ਹੈ, ਤਖਤਸੰਗ ਗੋਮਪਾ ਪ੍ਰਾਚੀਨ ਵਿਸ਼ਵਾਸਾਂ ਦੇ ਹੱਥਾਂ ਨਾਲ ਬੁਣਿਆ ਗਿਆ ਇੱਕ ਪਵਿੱਤਰ ਟੇਪਸਟਰੀ ਬਣਿਆ ਹੋਇਆ ਹੈ।





ਬੋਮਡੀਲਾ ਦੇ ਸ਼ਾਂਤ ਗਲੇ ਵਿੱਚ ਗੋਨਟਸੇ ਗਾਡੇਨ ਰਾਬਗਏ ਲਿੰਗ ਮੱਠ ਹੈ, ਜੋ ਕਿ ਸ਼ਾਂਤੀ ਅਤੇ ਸ਼ਰਧਾ ਦਾ ਪਨਾਹਗਾਹ ਹੈ। ਭਿਕਸ਼ੂਆਂ ਅਤੇ ਲਾਮਾਂ ਦੁਆਰਾ ਸਤਿਕਾਰਿਆ ਜਾਂਦਾ, ਇਹ ਮੱਠ, ਜੋ ਕਿ ਜੀਆਰਐਲ ਗੋਮਪਾ ਵਜੋਂ ਜਾਣਿਆ ਜਾਂਦਾ ਹੈ, ਸਮੁੰਦਰ ਤਲ ਤੋਂ ਉੱਚੀ 8500 ਫੁੱਟ ਉੱਤੇ ਸਥਿਤ ਹੈ। ਇਸਦੀ ਨੀਂਹ, 1965-66 ਵਿੱਚ ਸੋਨਾ ਗੋਂਟਸੇ ਰਿਪੋਂਚੇ ਦੁਆਰਾ ਰੱਖੀ ਗਈ ਸੀ, ਲਾਮਾਵਾਦੀ ਵਿਸ਼ਵਾਸ ਦਾ ਇੱਕ ਨੀਂਹ ਪੱਥਰ ਹੈ। ਜੀਆਰਐਲ ਗੋਂਪਾ ਇੱਕ ਆਰਕੀਟੈਕਚਰਲ ਟ੍ਰਿਪਟਾਈਕ ਹੈ ਜੋ ਉੱਪਰਲੇ, ਹੇਠਲੇ ਅਤੇ ਮੱਧ ਡੋਮੇਨਾਂ ਰਾਹੀਂ ਇਸਦੇ ਪਹਿਲੂਆਂ ਦਾ ਪਰਦਾਫਾਸ਼ ਕਰਦਾ ਹੈ। ਅਧਿਆਤਮਿਕਤਾ ਦਾ ਦਿਲ ਉੱਪਰਲੇ ਗੋਮਪਾ ਵਿੱਚ ਸਥਿਤ ਹੈ, ਇੱਕ ਪ੍ਰਾਰਥਨਾ ਹਾਲ, ਭਿਕਸ਼ੂਆਂ ਦੀ ਸੰਤਾਨ ਲਈ ਇੱਕ ਸਕੂਲ, ਅਤੇ ਬੁੱਧ ਦਾ ਬਹੁਤ ਹੀ ਪਵਿੱਤਰ ਅਸਥਾਨ।



ਜ਼ੇਮਿਥਾਂਗ ਦੇ ਨੇੜੇ ਸ਼ਾਂਤ ਵਿਸਤਾਰ ਵਿੱਚ, ਗੋਰਸਮ ਚੋਰਟਨ ਸ਼ਰਧਾ ਅਤੇ ਕਾਰੀਗਰੀ ਦੇ ਇੱਕ ਵਿਸ਼ਾਲ ਸਮਾਰਕ ਵਜੋਂ ਖੜ੍ਹਾ ਹੈ। 18ਵੀਂ ਸਦੀ ਦੇ ਅਰੰਭ ਵਿੱਚ, ਇੱਕ ਮੋਨਪਾ ਭਿਕਸ਼ੂ, ਲਾਮਾ ਪ੍ਰਧਾਨ ਦੁਆਰਾ ਬਣਾਇਆ ਗਿਆ, ਇਹ ਸਟੂਪਾ ਸਿਰਫ਼ ਇੱਕ ਆਰਕੀਟੈਕਚਰਲ ਅਜੂਬੇ ਤੋਂ ਵੱਧ ਹੈ। ਇਸ ਦਾ ਗੋਲਾਕਾਰ ਗੁੰਬਦ ਇੱਕ ਤਿੰਨ-ਛੇਤੀ ਵਾਲਾ ਚਬੂਤਰਾ ਹੈ, ਜਦੋਂ ਕਿ ਲਘੂ ਸਟੂਪਾ ਇਸਦੀ ਸਭ ਤੋਂ ਹੇਠਲੀ ਛੱਤ ਦੇ ਕੋਨਿਆਂ ਨੂੰ ਸਜਾਉਂਦੇ ਹਨ। ਬੇਸ, 170 ਫੁੱਟ ਦੇ ਚੌਰਸ ਸ਼ੇਖ ਵਾਲੇ ਪਾਸੇ, ਲੱਕੜ ਦੇ ਫਰੇਮਾਂ ਦੇ ਅੰਦਰ 120 ਮਨੀ ਪੱਥਰਾਂ ਦਾ ਨਿਰੰਤਰ ਸਥਾਨ ਹੈ। ਇਸ ਸਭ ਨੂੰ ਘੇਰਦੇ ਹੋਏ, ਇੱਕ ਪੱਕਾ ਰਸਤਾ ਸ਼ਰਧਾਲੂਆਂ ਨੂੰ ਪਰਿਕਰਮਾ ਕਰਨ ਲਈ ਇਸ਼ਾਰਾ ਕਰਦਾ ਹੈ, ਸ਼ਰਧਾ ਅਤੇ ਪ੍ਰਤੀਬਿੰਬ ਦੀ ਯਾਤਰਾ।



ਤਵਾਂਗ ਟਾਊਨਸ਼ਿਪ ਦੇ ਦਿਲ ਤੋਂ ਸਿਰਫ਼ ਇੱਕ ਕਿਲੋਮੀਟਰ ਦੀ ਦੂਰੀ 'ਤੇ, ਰਿਗਿਆਲਿੰਗ ਗੋਮਪਾ ਵਿਸ਼ਵਾਸ ਦੇ ਸ਼ਾਂਤ ਧੀਰਜ ਦੇ ਪ੍ਰਮਾਣ ਵਜੋਂ ਖੜ੍ਹਾ ਹੈ। ਪੂਰਵ ਰਿਗਿਆ ਰਿਨਪੋਚੇ ਦੀ ਰਚਨਾ ਰੁੱਖਾਂ ਦੇ ਗਲੇ ਦੁਆਰਾ ਆਸਰਾ, ਉਸਦੀ ਵਿਰਾਸਤ ਨੂੰ ਅੱਗੇ ਵਧਾਉਂਦੀ ਹੈ। ਗੋਮਪਾ ਦੇ ਸਕੱਤਰ, ਚਾਂਗਸੇ ਦੁਆਰਾ ਨਿਰਦੇਸ਼ਤ ਜੰਗਲ, ਇਸ ਨੂੰ ਤਵਾਂਗ, ਅਰੁਣਾਚਲ ਪ੍ਰਦੇਸ਼ ਦੇ ਨੇੜੇ ਸਭ ਤੋਂ ਸੁੰਦਰ ਆਫਬੀਟ ਮੰਦਰਾਂ ਵਿੱਚੋਂ ਇੱਕ ਵਿੱਚ ਇੱਕ ਕੁਦਰਤੀ ਅਸਥਾਨ ਵਿੱਚ ਲਪੇਟਦਾ ਹੈ। ਜਿਵੇਂ ਕਿ ਪੁਨਰ ਅਵਤਾਰ ਰਿਗਿਆ ਰਿੰਪੋਚੇ, ਰੇਵ. ਤੇਨਜਿਨ ਸੈਥਰ, ਦੱਖਣੀ ਭਾਰਤ ਵਿੱਚ ਆਪਣੀ ਸਿੱਖਿਆ ਦਾ ਸਨਮਾਨ ਕਰਦੇ ਹਨ, ਗੋਮਪਾ ਆਪਣੇ ਅਧਿਆਤਮਿਕ ਸਰਪ੍ਰਸਤ ਦੀ ਵਾਪਸੀ ਦੀ ਉਡੀਕ ਕਰਦੇ ਹੋਏ, ਸ਼ਰਧਾ ਦੀ ਗੂੰਜ ਵਾਂਗ ਖੜ੍ਹਾ ਹੈ।